ਤੜਫ ਤੇਰੇ ਦੀਦ ਦੀ

Tarap Tere Deed Dee



ਲੇਖਿਕਾ :

ਰਣਜੀਤ ਕੌਰ 'ਜੀਤ'



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ਤੜਫ ਤੇਰੇ ਦੀਦ ਦੀ

ਲੇਖਿਕਾ :

ਰਣਜੀਤ ਕੌਰ 'ਜੀਤ'

24/3/2008

ਪ੍ਰਕਾਸ਼ਕ:

ਨਾਮਧਾਰੀ ਦਰਬਾਰ

ਸ੍ਰੀ ਭੈਣੀ ਸਾਹਿਬ

ਤੜਫ ਤੇਰੇ ਦੀਦ ਦੀ

ਰਣਜੀਤ ਕੌਰ "ਜੀਤ"

TARAP TERE DEED BEE

by

Ranjeet kaur 'Jeet'

ਪਹਿਲੀ ਵਾਰ : 2007

ਲੇਖਿਕਾ: ਰਣਜੀਤ ਕੌਰ "ਜੀਤ"
A- 65 ਸ਼ਾਮ ਪਾਰਕ ਐਕਸ
ਸਾਹਿਬਾਬਾਦ, ਗਾਜ਼ੀਆਬਾਦ (ਯੂ.ਪੀ.)
ਫੋਨ : 120-2638306
ਮੋਬਾਇਲ : 9810327205

ਪ੍ਰਕਾਸ਼ਕ : ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ, ਲੁਧਿਆਣਾ

ਮੁੱਲ : 100/- ਰੁਪਏ

ਪ੍ਰਿੰਟਰ : ਗੁਰਮਤਿ ਪ੍ਰਿੰਟਿੰਗ ਪ੍ਰੈਸ,
ਚੌਕ ਸੰਗਤਰਾਸ਼ਾਂ, ਪਹਾੜ ਗੰਜ, ਨਵੀਂ ਦਿੱਲੀ-110055
ਫੋਨ : 9810248520, 64547533

ਸਮਰਪਿਤ

ਸਤਿਗੁਰੂ ਰਾਮ ਸਿੰਘ ਜੀ ਨੂੰ

ਇਸੇ ਕਲਮ ਤੋਂ

1 . ਫਰਿਆਦ (ਪੰਜਾਬੀ)

2. ਤੇਰੀਆਂ ਯਾਦਾਂ (ਪੰਜਾਬੀ)

3. ਤੜਫ ਤੇਰੇ ਦੀਦ ਦੀ (ਪੰਜਾਬੀ)

ਛਪ ਰਹੀਆਂ ਪੁਸਤਕਾਂ

1. ਸਧਰਾਂ ਦੀਆਂ ਆਹਾਂ (ਪੰਜਾਬੀ)

2. ਦਿਲ ਕੀ ਗਹਿਰਾਈਆਂ (ਹਿੰਦੀ)

ਗੁਰੂ-ਜੱਸ ਦਾ ਰਸ

ਸੰਤ ਧਿਆਨ ਸਿੰਘ ਜੀ ਨੇ ਸਤਿਗੁਰੂ ਬਿਲਾਸ ਪਾ: 12ਵੀ ਵਿਚ ਲਿਖਿਆ ਹੈ-

ਗੁਰ ਕੋ ਜੱਸ ਹੈ ਸੈਲ ਨਬਾਤੇ
ਮੈ ਚੀਟੀ ਕਿਆ ਚੱਕ ਹਉ ਤਾਤੇ।।

ਭਾਵ ਕਿ ਸਤਿਗੁਰੂ ਦਾ ਜੱਸ ਸਤਿਗੁਰੂ ਦੀ ਮਹਿਮਾ ਤਾਂ ਮਿਸਰੀ ਦਾ ਪਹਾੜ ਹੈ, ਮੈਂ ਕੀੜੀ ਇਸ ਚੋ ਕਿੰਨਾਂ ਕੁ ਚੁੱਕ ਸਕਦੀ ਹਾਂ ਜਾਂ ਕਿੰਨਾਂ ਚਖ ਸਕਦੀ ਹਾਂ। ਕੀੜੀ ਮਿਸਰੀ ਦੇ ਪਹਾੜ ਦਾ ਅੰਤ ਨਹੀ ਪਾ ਸਕਦੀ, ਪਰ ਉਹ ਸਵਾਦ ਸਵਾਦ ਹੋ ਸਕਦੀ ਹੈ, ਉਸਦੀਆਂ ਸਦਾ ਲਈ ਭੁੱਖਾਂ ਮਿਟ ਸਕਦੀਆਂ ਹਨ, ਉਹ ਤ੍ਰਿਪਤ ਹੋ ਸਕਦੀ ਹੈ। ਏਸੇ ਤਰ੍ਹਾਂ ਹੀ ਅਸੀ ਜੀਵ ਸਤਿਗੁਰੂ ਦੀ ਉਪਮਾ ਕਰਕੇ ਉਸਦਾ ਪਾਰਾਵਾਰ ਤਾਂ ਨਹੀਂ ਪਾ ਸਕਦੇ ਪਰ ਮਨ-ਬਚਨ-ਕਰਮ ਕਰਕੇ ਅਨੰਦਿਤ ਹੋ ਸਕਦੇ ਹਾਂ, ਆਤਮਿਕ ਰਸ ਮਾਣ ਸਕਦੇ ਹਾਂ।

ਆਪਣੇ ਪ੍ਰੀਤਮ ਪ੍ਰਤੀ ਹਿਰਦੇ ਦੀਆਂ ਡੂੰਗਾਈਆਂ ਤੋਂ ਉਪਜੀ ਪ੍ਰੇਮ ਭਾਵਨਾ ਜਦ ਕਾਵਿਕ ਰੂਪ ਧਾਰਦੀ ਹੈ ਤਾਂ ਹਰ ਪ੍ਰੇਮੀ ਨੂੰ ਉਹ ਆਪਣੇ ਦਿਲ ਦੀ ਆਵਾਜ਼ ਜਾਪਦੀ ਹੈ। ਬੀਬੀ ਰਣਜੀਤ ਕੌਰ "ਜੀਤ" ਨੇ ਸ਼ਰਧਾ, ਪ੍ਰੇਮ ਅਤੇ ਭਗਤੀ ਭਾਵਨਾ ਨਾਲ 'ਤੜਫ ਤੇਰੇ ਦੀਦ ਦੀ' ਲਿਖੀ ਪੁਸਤਕ ਦੀਆਂ ਕਵਿਤਾਵਾਂ ਵਿਚ ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਣ ਗਾਣ ਕੀਤਾ ਗਿਆ ਹੈ, ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵਰਨਣ ਹੈ। ਬਿਰਹਾ ਰਸ, ਪ੍ਰੇਮ ਰਸ ਅਤੇ ਬੀਰ ਰਸ ਨਾਲ ਓਤਪੋਤ ਰਚਨਾਵਾਂ ਪੜਕੇ, ਗਾ ਕੇ ਹਰ ਗੁਰਸਿੱਖ ਉਹੋ ਅਨੰਦ ਮਾਣ ਸੱਕੇਗਾ ਜੋ ਬੀਬੀ ਜੀ ਨੇ ਇਹ ਹਰਿ ਜੱਸ ਲਿਖਦਿਆਂ ਅਨੰਦ ਮਾਣਿਆ ਹੈ ਜਾਕਉ ਰਸ ਹਰਿ ਰਸ ਹੈ ਆਇਓ ਸੋ ਅਨਰਸ ਨਾਹੀ ਲਪਟਾਇਓ। 'ਤੜਫ ਤੇਰੇ ਦੀਦ ਦੀ' ਪ੍ਰਕਾਸ਼ਿਤ ਕਰਨ ਲਈ ਬੀਬੀ ਰਣਜੀਤ ਕੌਰ "ਜੀਤ" ਜੀ ਵਧਾਈ ਦੇ ਪਾਤਰ ਹਨ।

-ਹਰਪਾਲ ਸਿੰਘ ਸੇਵਕ
ਸ੍ਰੀ ਭੈਣੀ ਸਾਹਿਬ

ਦਿਵਾਨਗੀ ਦੇ ਗੀਤ

ਸੰਸਾਰਕ ਸਾਂਝਾਂ ਦਾ ਅਧਾਰ ਪ੍ਰੀਤ ਹੈ। ਜਿਹੜਾ ਜਿੰਨਾ ਵੱਧ ਪ੍ਰੀਤ ਦੀ ਰੀਤ ਨੂੰ ਸਮਝ ਗਿਆ ਓਨਾ ਵੱਧ ਦਿਵਾਨਾ ਹੋ ਗਿਆ। ਉਸ ਦੀ ਹੋਸ਼ ਤੇ ਬੁੱਧੀ ਬਹੁਤ ਪਿੱਛੇ ਰਹਿ ਜਾਂਦੀ ਹੈ, ਉਹ ਸੁਆਦ-ਸੁਆਦ ਹੋਇਆ ਫਿਰਦਾ ਹੈ। ਪਰ ਮਨੁੱਖੀ ਸਾਂਝਾ ਵਿੱਚ ਇਹ ਸਥਿਤੀ ਚਿਤਵੀ ਤਾਂ ਜਾਂਦੀ ਹੈ ਪਰ ਕਿਸੇ ਵਿਰਲੇ, ਬਹੁਤ ਵਿਰਲੇ ਨੂੰ ਹੀ ਦਿਵਾਨਗੀ ਦੀ ਅਵਸਥਾ ਦਾ ਸੁਖ ਮਿਲਦਾ ਹੈ ਕਿਉਂਕਿ ਕਹਿਣ ਨੂੰ ਤਾਂ ਮਨੁੱਖੀ ਰਿਸ਼ਤਿਆਂ ਵਿੱਚ ਪ੍ਰੇਮ-ਪਿਆਰ ਦੀ ਗੰਢ ਬੱਝੀ ਹੁੰਦੀ ਹੈ ਪਰ ਧਾਗਾ ਕੱਚਾ ਹੁੰਦਾ ਹੈ। ਜੇ ਇਹੀ ਸਾਂਝ ਸਿੱਖ ਸਤਿਗੁਰੂ ਨਾਲ ਪਾ ਲੈਂਦਾ ਹੈ ਤਾਂ ਗੰਢ ਪੀਡੀ ਹੋ ਜਾਂਦੀ ਹੈ ਤੇ ਅੰਦਰ ਦੀ ਤੜਪ ਇਹ ਕਲਮਬੰਦ ਕਰਨ ਲਈ ਬਿਹਬਲ ਹੋ ਉਠਦੀ ਹੈ:

ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧ ਭਗਵੰਤਾ॥

ਮਹਲਾ-5

ਰਣਜੀਤ ਕੌਰ 'ਜੀਤ' ਦੀ ਪੁਸਤਕ ਨੂੰ ਵਾਚਿਆਂ ਇਹੋ ਜਿਹਾ ਅਨੁਭਵ ਹੁੰਦਾ ਹੈ ਕਿ ਪੁਸਤਕ 'ਤੜਫ ਤੇਰੇ ਦੀਦ ਦੀ' ਸਤਿਗੁਰੂ ਪ੍ਰਤੀ ਪ੍ਰੇਮ, ਪਿਆਰ, ਸ਼ਰਧਾ ਅਤੇ ਸਤਿਕਾਰ ਦੇ ਹਾਰਦਿਕ ਵੇਗ ਨੂੰ ਪੇਸ਼ ਕਰਦੀ ਹੈ।

ਸ਼ੇਖ ਫਰੀਦ ਮਿਲਾਪ ਦੇ ਜਿਸ ਪੱਖ ਨੂੰ, ਦਿਵਾਨੇ ਹੋਏ, ਬਿਰਹਾ ਤੂੰ ਸੁਲਤਾਨ ਲਿਖਦੇ ਹਨ, ਉਹ ਇਸ ਪੁਸਤਕ ਵਿੱਚ ਭਾਲਣਾ ਨਹੀਂ ਪੈਂਦਾ ਸਗੋਂ ਲੱਸੀ ਉਤੇ ਮੱਖਣ ਵਾਂਗ ਤਰਦਾ ਫਿਰਦਾ ਹੈ। ਫਿਰ ਕੂਕਿਆ ਨੇ ਨਾਮ ਜਪਣ ਦੇ ਨਾਲ ਨਾਲ ਸਤਿਗੁਰੂ ਰਾਮ ਸਿੰਘ ਦੇ ਇਸ਼ਕ ਹਕੀਕੀ ਕਾਰਨ ਪਿੰਡੇ ਤੇ ਹੰਢਾਇਆ ਸੱਚ ਹੈ, ਉਹ ਚੀਨੀ ਵਾਲੇ ਪਾਤਸ਼ਾਹ ਦੀ ਬਿਰਹਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਬਾਅਦ ਭਾਵੇਂ ਸਤਿਗੁਰੂ ਸਾਹਿਬਾਨ ਨੇ ਉਹਨਾਂ ਦੀ ਪ੍ਰਜਵਲਿਤ ਕੀਤੀ ਸ਼ਮ੍ਹਾਂ ਦੀ ਲੋਅ ਨੂੰ ਮੱਧਮ ਨਹੀਂ ਹੋਣ ਦਿੱਤਾ ਫਿਰ ਵੀ ਇਹ ਲੋਅ ਵਿਛੋੜੇ ਦੀ ਠੰਢ ਦੀ ਕੰਬਣੀ ਨੂੰ ਘਟਾ ਨਹੀਂ ਸਕੀ। ਅਸਲ ਵਿੱਚ ਸਤਿਗੁਰੂ ਸਾਹਿਬਾਨ ਆਪ ਵੀ ਓਸੇ ਬਿਰਹਾ ਭੁਯੰਗਮ ਦੇ ਡੰਗੇ ਰਹੇ। ਸਤਿਗੁਰੂ ਹਰੀ ਸਿੰਘ ਬਾਰੇ ਤਾਂ ਪੜ੍ਹਿਆਂ ਸੁਣਿਆ ਹੈ ਕਿ ਉਹਨਾਂ ਦੇ ਨੈਣ ਵੈਰਾਗੇ ਰਹੇ। ਸਤਿਗੁਰੂ ਪਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਨੂੰ

ਬਿਰਹਾ ਦਾ ਰੂਪ ਹੋਇਆਂ ਇਹ ਸੁਆਲ ਕਰਦਿਆਂ ਤੱਕਿਆ ਵੀ ਹੈ 'ਹੁਣ ਕਦ ਮਿਲੀਏਂ'।

ਉਹੀ ਮਿਲਣ ਦੀ ਸਿੱਕ ਜੀਤ ਦੇ ਗੀਤਾਂ ਵਿਚ ਹੈ। 'ਤੜਫ ਤੇਰੇ ਦੀਦ ਦੀ' ਬਿਰਹਨ ਦੇ ਗੀਤ ਹਨ ਜਿਹਨਾਂ ਨੂੰ ਪੜ੍ਹ ਕੇ, ਗੁਣ-ਗਣਾ ਕੇ, ਗਾ ਕੇ ਆਪ ਸੁਆਦ-ਸੁਆਦ ਹੋਇਆ ਜਾ ਸਕਦਾ ਹੈ ਤੇ ਸਰੋਤੇ ਨੂੰ ਦੀਨ-ਦੁਨੀਆਂ ਤੋਂ ਦੂਰ ਵਲਵਲੇ ਦੇ ਦੇਸ ਲੈ ਜਾਇਆ ਜਾ ਸਕਦਾ ਹੈ। ਜੀਤ ਨੇ ਕੁੱਝ ਰੁਬਾਈਆਂ ਵੀ ਲਿਖੀਆਂ ਹਨ ਪਰ ਗੀਤਾਂ ਦੀ ਭਰਮਾਰ ਹੈ।

ਪੁਸਤਕ ਵਾਹਿਆ ਇਹਨਾਂ ਰਚਨਾਵਾਂ ਨੂੰ 1857 ਈ. ਤੋਂ 2007 ਈ. ਤੱਕ ਦੇ ਕਾਲ ਖੰਡ ਨੂੰ ਰੂਪਮਾਨ ਤੇ ਅਨੁਭਵ ਕਰਦਿਆਂ ਸਮਝ ਸਕੀਦਾ ਹੈ। ਏਸੇ ਸੇਧੇ ਤੁਰੀ ਜਾਂਦੀ ਉਹ ਪਾਠਕ ਨੂੰ ਨਾਲ ਲੈ ਕੇ ਤੁਰਦੀ ਹੈ। ਉਸ ਦੀਆਂ ਅੱਧੀਆਂ ਤੋਂ ਵੱਧ ਰਚਨਾਵਾਂ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਨੂੰ ਰੂਪਮਾਨ ਕਰਦੀਆਂ ਹਨ। ਉਸ ਤੋਂ ਕੁੱਝ ਘੱਟ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਲਿਖੇ ਗੀਤ ਕੜੀ ਨੂੰ ਗੁਰੂ ਹਰੀ ਸਿੰਘ, ਸ੍ਰੀ ਭੈਣੀ ਸਾਹਿਬ ਤੇ ਨਾਮਧਾਰੀ ਸਿੱਖਾਂ ਦੇ 150 ਸਾਲਾ ਗੌਰਵਮਈ ਇਤਿਹਾਸ ਨਾਲ ਜੋੜਦੇ ਹਨ।

ਪਾਠਕ ਯਕੀਨਨ ਇਹਨਾਂ ਗੀਤਾਂ ਨੂੰ ਪੜ੍ਹ ਕੇ ਮਹਿਸੂਸ ਕਰਨਗੇ ਕਿ ਰਣਜੀਤ ਕੌਰ 'ਜੀਤ' ਦੀ ਕਾਵਿ ਰਚਨਾ 'ਤੜਫ ਤੇਰੇ ਦੀਦ ਦੀ' ਪੜ੍ਹ ਕੇ ਉਹਨਾਂ ਨੇ ਆਪਣੇ ਸਮੇਂ ਦੀ ਸੁਚੱਜੀ ਵਰਤੋਂ ਕੀਤੀ ਹੈ।

-ਹਰਵਿੰਦਰ ਸਿੰਘ ਹੰਸਪਾਲ
ਸਾਬਕਾ ਐਮ. ਪੀ.
ਪ੍ਰਧਾਨ ਨਾਮਧਾਰੀ ਦਰਬਾਰ

ਭੂਮਿਕਾ

ਬੀਬੀ ਰਣਜੀਤ ਕੌਰ "ਜੀਤ" ਨੂੰ ਮੈ ਕਾਫੀ ਸਾਲਾਂ ਤੋਂ ਜਾਣਦਾ ਹਾਂ ਬੀਬੀ ਜੀ ਦੇ ਪਿਤਾ ਜੀ ਸੰਤ ਅਜੀਤ ਸਿੰਘ ਜਲੰਧਰ ਨਿਵਾਸੀ ਹਨ ਅਤੇ ਸੰਤ ਰਤਨ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਰਿਸ਼ਤੇ ਵਿਚ ਇਹਨਾਂ ਦੇ ਤਾਇਆ ਜੀ ਲਗਦੇ ਸਨ ਸ੍ਰ. ਤਰਲੋਕ ਸਿੰਘ ਬੀਬੀ ਦੀ ਦੇ ਪਤੀ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਸ਼ਰਧਾ ਪਿਆਰ ਰੱਖਦੇ ਹਨ।

ਬੀਬੀ ਰਣਜੀਤ ਕੌਰ "ਜੀਤ" ਨੇ ਗਾਇਕੀ ਗੀਤਾਂ ਵਿਚ ਬਹੁਤ ਨਾਮਣਾ ਖਟਿਆਂ ਹੈ ਅਤੇ ਗੀਤ ਗਾਇਕੀ ਲਈ ਦੇਸ ਅਤੇ ਵਿਦੇਸ਼ਾਂ ਵਿਚ ਅਨੇਕਾਂ ਯਾਤਰਾਵਾਂ ਕੀਤੀਆਂ ਹਨ।

ਚੰਗੀ ਗਲ ਇਹ ਹੈ ਕਿ ਬੀਬੀ ਜੀ ਗੀਤ ਤੇ ਗਾਉਂਦੇ ਹੀ ਹਨ ਪਰ ਅੱਛਾ ਇਹ ਹੈ ਖੁਦ ਲਿਖ ਦੇ ਵੀ ਨੇ ਇਹਨਾਂ ਦੇ ਗੀਤਾਂ ਦੀਆਂ ਦੋ ਪੁਸਤਕਾਂ ਫਰਿਆਦ ਅਤੇ ਤੇਰੀਆਂ ਯਾਦਾਂ ਪਹਿਲਾਂ ਵੀ ਛਪ ਚੁਕੀਆਂ ਹਨ।

ਸੰਗੀਤ ਵਿਚ ਬੀਬੀ ਬੀ.ਏ. ਹੋਣ ਕਰ ਕੇ ਬੀਬੀ ਜੀ ਨੂੰ ਸੁਰ ਤਾਲ ਦਾ ਗਿਆਨ ਵੀ ਅਛਾ ਹੈ।

ਬੀਬੀ ਜੀ ਦੀ ਪੁਸਤਕ 'ਤੜਫ ਤੇਰੇ ਦੀਦ ਦੀ' ਵਿਚ ਗੁਰੂ ਰਾਮ ਸਿੰਘ ਜੀ ਦੇ ਦੀਦ ਦੀ ਤੜ੍ਹਪਨ ਦਾ ਜੋ ਵਰਨਨ ਕੀਤਾ ਹੈ,

ਜਦੋਂ ਟੁਰਿਆ ਸੀ ਪ੍ਰੇਦਸਾਂ ਨੂੰ
ਉਹ ਕਿੰਝ ਮੈਂ ਹਾਲ ਬਿਆਨ ਕਰਾਂ
ਅੱਜ ਵੀ ਨੇ ਕੂਕਾਂ ਕੂਕ ਦੀਆਂ
ਉਹ ਹੂਕ ਸੁਣਾਈ ਜਾਂਦੀ ਨਹੀ

ਮੈਂ ਬੀਬੀ ਜੀ ਨੂੰ ਇਸ ਪੁਸਤਕ ਲਿਖਣ ਤੇ ਲੱਖ ਲੱਖ ਵਧਾਈ ਦਿੰਦਾ ਹਾਂ ਤੇ ਇਹਨਾਂ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ ਸਤਿਗੁਰੂ ਇਹਨਾਂ ਤੇ ਇਸੀ ਤਰ੍ਹਾਂ ਬਖਸ਼ਸ਼ ਕਰਨ ਤੇ ਸਤਿਗੁਰੂ ਜੀ ਦਾ ਇਸੀ ਤਰ੍ਹਾਂ ਗੁਣ ਗਾਣ ਕਰਦੇ ਰਹਿਣ ਇਹ ਸਭ ਸਤਿਗੁਰੂ ਦੀ ਕ੍ਰਿਪਾ ਹੈ।

-ਪੰਡਤ ਗੋਪਾਲ ਸਿੰਘ
ਸ੍ਰੀ ਭੈਣੀ ਸਾਹਿਬ

ਦੋ ਸ਼ਬਦ

ਗੀਤ ਲਿਖਣਾ ਅਤੇ ਗਾਉਣਾਂ ਅਲੱਗ ਅਲੱਗ ਹੁੰਦਿਆ ਹੋਇਆ ਵੀ ਇਕ ਦੂਜੇ ਨਾਲ ਨੇੜਤਾ ਸਹਿਤ ਜੁੜੇ ਹੋਏ ਹੁੰਦੇ ਹਨ।ਅਕਸਰ ਗੀਤ ਲਿਖਦਾ ਕੋਈ ਤੇ ਗਾਉਂਦਾ ਕੋਈ ਹੈ, ਗਾਉਣ ਵਾਲਾ ਹੀ ਆਪ ਗੀਤ ਲਿਖੇ ਤਾਂ ਹੋਰ ਵੀ ਚੰਗੀ ਗਲ ਹੈ, ਬੀਬੀ ਰਣਜੀਤ ਕੌਰ 'ਜੀਤ' ਗਾਇਕ ਹਨ ਦੋ ਦਹਾਕਿਆਂ ਤੋਂ ਉਪਰ ਹੋ ਗਏ ਹਨ ਇਸ ਖੇਤਰ ਵਿਚ ਬੀਬੀ ਜੀ ਨੇ ਚੰਗਾ ਨਾਂਮ ਕਮਾਇਆ ਹੈ ਰੇਡੀਉ, ਟੀ.ਵੀ. ਤੇ ਦੇਸ਼ਾਂ ਵਿਦੇਸ਼ਾਂ ਵਿਚ ਕਈ ਯਾਤਰਾ ਵੀ ਕੀਤੀਆ ਨੇ।

ਸੋਨੇ ਤੇ ਸੁਹਾਗੇ ਵਾਲੀ ਗਲ ਹੈ ਕਿ ਗਾਇਕ ਆਪ ਗੀਤ ਲਿਖੇ ਤਾਂ ਗਾਵੇ, ਬੀਬੀ ਜੀ ਗਾਉਂਦੇ ਤਾਂ ਹਨ ਨਾਲ ਲਿਖਦੇ ਵੀ ਨੇ ਇਹਨਾਂ ਦੇ ਗੀਤਾਂ ਦੀਆਂ ਦੋ ਪੁਸਤਕਾਂ "ਫਰਿਆਦ" 1998 ਵਿਚ ਅਤੇ "ਤੇਰੀਆਂ ਯਾਦਾਂ" 2005 ਵਿਚ ਛੱਪ ਚੁਕੀਆਂ ਹਨ ਹੋਰ ਗੀਤਾਂ ਦੇ ਸੰਗ੍ਰਹਿ ਪੁਸਤਕ ਰੂਪ ਲੈਣ ਲਈ ਰਾਹ ਵਿਚ ਹਨ।

ਬੀਬੀ ਰਣਜੀਤ ਕੌਰ ਜੀ ਨਾਮਧਾਰੀ ਪਰਿਵਾਰ ਨਾਲ ਸੰਬਧੰਤ ਹਨ ਇਹਨਾਂ ਨੇ ਅਪਣੇ ਸਤਿਗੁਰੂ ਦੀ ਯਾਦ ਵਿਚ ਲਿਖੀ ਪੁਸਤਕ "ਤੜਫ ਤੇਰੇ ਦੀਦ ਦੀ" ਵਿਚ ਸ਼ਰਧਾ ਹੈ ਪਿਆਰ ਅਤੇ ਪਿਆਸ ਹੈ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਦੀ ਆਸ ਹੈ, ਅਤੇ ਵਰਤਮਾਨ ਸਤਿਗੁਰੂ ਜੀ ਦੇ ਚਰਨਾ ਵਿਚ ਅਰਦਾਸ ਵੀ ਹੈ ਦਰਸ਼ਨ ਪਿਆਸੀ ਬੀਬੀ ਜੀ ਲਿਖਦੇ ਹਨ:

ਹਿਜਰਾਂ ਦੇ ਫੱਟਾਂ ਦੀ ਪੀੜ ਵੀ ਪਿਆਸੀ ਹੈ।
ਖੋਏ ਖੋਏ ਨੈਣਾਂ ਦੀ ਉਡੀਕ ਵੀ ਪਿਆਸੀ ਹੈ।

ਵਰਤਮਾਨ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ

ਤੇਰੇ ਚਰਨਾਂ ਚ ਮੇਰਾ ਜੀਵਨ ਬਤੀਤ ਹੋਵੇ।
ਜਨਮੋਂ ਜਨਮ ਦਾਤਾ ਤੂੰ ਹੀ ਸਾਡਾ ਮੀਤ ਹੋਵੇ।

"ਤੜਫ ਤੇਰੇ ਦੀਦ ਦੀ" ਪੁਸਤਕ ਬੀਬੀ ਰਣੱਜੀਤ ਕੌਰ 'ਜੀਤ' ਜੀ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ ਅਤੇ ਉਹਨਾਂ ਦੇ ਕਲਮੀ ਸਫਰ ਦੀ ਸਫਲਤਾਂ ਦੀ ਕਾਮਨਾ ਕਰਦਾ ਹਾਂ ਸਤਿਗੁਰੂ ਜੀ ਇਹਨਾਂ ਤੇ ਕ੍ਰਿਪਾ ਬਣਾਈ ਰੱਖਣ।

-ਜਸਵਿੰਦਰ ਸਿੰਘ ਹਿਸਟੋਰੀਅਨ
ਰਾਜਾ ਪਾਰਕ ਸ਼ਕੂਰ ਬਸਤੀ ਦਿੱਲੀ

ਆਪਣੇ ਵੱਲੋਂ

ਮੈਂ ਬਚਪਨ ਤੋਂ ਸੁਣਦੀ ਆ ਰਹੀ ਹਾਂ ਕਿ ਉਸ ਦੀ ਰਜ਼ਾ ਤੋਂ ਬਿਨਾਂ ਪੱਤਾ ਵੀ ਨਹੀਂ ਹਿਲੱਦਾ, ਮੈਂ ਉਹੀ ਜਾਣਿਆਂ ਤੇ ਸਮਝਿਆ ਹੈ, ਜੋ ਸਤਿਗੁਰੂ ਜੀ ਨੂੰ ਮਨਜ਼ੂਰ ਹੈ ਉਹੀਓ ਹੀ ਹੋਣਾਂ ਹੁੰਦਾ ਹੈ, ਮੈਂ ਕਦੀ ਸੋਚ ਵੀ ਨਹੀ ਸਕਦੀ ਸੀ ਕੇ ਮੈਂ ਸਤਿਗੁਰੂ ਸਚੇ ਪਾਤਸ਼ਾਹ ਜੀ ਦੀਆਂ ਯਾਦਾਂ ਉਨ੍ਹਾਂ ਦੇ ਚੋਜ ਉਨ੍ਹਾਂ ਦੀ ਤੜਫ਼ ਵਿਛੋੜਾ ਅਤੇ ਅਪਣੇ ਜਜ਼ਬਾਤਾਂ ਨੂੰ ਮੈਂ ਬੋਲ ਵੀ ਦੇ ਸਕਦੀ ਹਾਂ। ਇਹ ਸਭ ਮੇਰੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਅਪਾਰ ਕ੍ਰਿਪਾ ਹੈ, ਉਹਨਾਂ ਦੀ ਕ੍ਰਿਪਾ ਤੇ ਗੁੰਗੇ ਤੋਂ ਵੀ ਗੀਤਾ ਪੜ੍ਹਾ ਦਿੰਦੀ ਏ, ਸੋ ਉਹਨਾਂ ਦੀ ਮਿਹਰ ਸਦਕਾ ਹੀ ਮੈਂ ਇਸ ਪੁਸਤਕ 'ਤੜਫ ਤੇਰੇ ਦੀਦੀ ਦੀਂ। ਦੀ ਮੈਂ ਰਚਨਾਂ ਕਰ ਸਕੀ ਡੇਢ ਸੌ ਸਾਲਾ ਅਜ਼ਾਦੀ ਦੀ ਲਲਕਾਰ ਜੋ ਗੁਰੂ ਰਾਮ ਸਿੰਘ ਜੀ ਮਾਰੀ, ਅਠ੍ਹਾਰਾ ਸੌ ਸਤਾਵਨ ਵਿਚ ਫੇਰ ਸਿੱਖੀ ਦੀ ਪੁਨਰ ਸਾਜਨਾ ਅਨੰਦ ਕਾਰਜ ਦੀ ਰਸਮ, ਇਸ ਤ੍ਰਿਵੇਣੀ ਦੇ ਮੌਕੇ ਤੇ ਇਸ ਪੁਸਤਕ ਦਾ ਸੰਪੂਰਨ ਹੋਣਾ ਇਹ ਮੇਰੇ ਪਾਤਸ਼ਾਹ ਜੀ ਦੀ ਕ੍ਰਿਪਾ ਹੈ ਸਤਿਗੁਰੂ ਜੀ ਦੀਆਂ ਰਹਿਮਤਾਂ, ਚੀਨੀ ਵਾਲੇ ਪਾਤਸ਼ਾਹ ਜੀ ਦਾ ਪ੍ਰਦੇਸ ਗਵਨ, ਯਾਦ, ਤੜਫ਼, ਵਿਛੋੜਾ, ਗੁਰੂ ਹਰੀ ਸਿੰਘ ਜੀ ਵੱਡ ਪ੍ਰਤਾਪੀ ਦਾ ਸਦੀਵੀ ਵਿਛੋੜਾ, ਮੌਕੇ ਦੇ ਮਾਲਿਕ ਦੀਆਂ ਬੇਅੰਤ ਰਹਿਮਤਾਂ ਦੇ ਸਾਗਰ ਵਿਚੋਂ ਕੁਝ ਕੁ ਬੂੰਦਾਂ ਲੈ ਕੇ ਮੈਂ ਅਪਣੀ ਤੁਸ਼ ਬੁਧੀ ਅਨੁਸਾਰ ਬੋਲਾਂ ਦੇ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ ਕੋਈ ਭੁਲ ਚੁਕ ਹੋ ਗਈ ਹੋਵੇ ਸਾਧ ਸੰਗਤ ਪਾਠਕ ਜਨ ਜੀ ਮੈਂ ਖਿਮਾ ਦੀ ਜਾਚਕ ਹਾਂ, ਅਸੀਂ ਸਤਿਗੁਰੂ ਜੀ ਦੇ ਬੇਅੰਤ ਗੁਣ-ਗਾਨ ਦਾ ਵਿਖਆਨ ਤਾਂ ਨਹੀਂ ਕਰ ਸਕਦੇ, ਪਰ ਸ਼ਰਧਾ ਦੇ ਸੁਮਨ ਤਾਂ ਭੇਟ ਕਰ ਸਕਦੇ ਹਾਂ, ਸਤਿਗੁਰੂ ਸਚੇ ਪਾਤਸ਼ਾਹ ਜੀ ਡੇਢ ਸੌ ਸਾਲਾ ਤ੍ਰਿਵੇਣੀ ਦੇ ਮੌਕੇ ਤੇ ਇਸ ਪੁਸਤਕ ਨੂੰ ਆਪਣੇ ਅਸ਼ੀਰਵਾਦ ਨਾਲ ਨਿਵਾਜ ਕੇ ਮੈਨੂੰ ਖੁਸ਼ੀਆਂ ਬਖਸ਼ਣ ਅਪਣੇ ਚਰਨਾਂ ਨਾਲ ਪ੍ਰੀਤੀ ਸਿਦਕ ਭਰੋਸਾ ਬਖਸ਼ਣ ਮੇਰੇ ਕੋਲੋਂ ਅਗੇ ਵਾਸਤੇ ਇਸੀ ਤਰ੍ਹਾਂ ਕ੍ਰਿਪਾ ਕਰਕੇ ਸੇਵਾ ਕਰਵਾਂਦੇ ਰਹਿਣ ਮੇਰੀ ਇਹੀ ਅਰਦਾਸ ਹੈ। ਮੇਰੀ ਇਸ ਪੁਸਤਕ ਨੂੰ ਪੜ੍ਹ ਕੇ ਸੇਵਕ ਹਰਪਾਲ ਸਿੰਘ, ਸ੍ਰ. ਹਰਵਿੰਦਰ ਸਿੰਘ ਹਸੰਪਾਲ, ਪੰਡਤ ਗੋਪਾਲ ਸਿੰਘ, ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਨੇ ਕਵਿਤਾਵਾਂ ਨੂੰ ਰਾਵਾਂ ਹੀ ਨਹੀਂ ਦਿੱਤੀਆ ਸਗੋਂ ਪੁਸਤਕ ਬਾਰੇ ਬਹੁਤ ਹੀ ਚੰਗਾਂ ਲੇਖ ਲਿਖ ਕੇ ਮੇਰਾ ਹੌਸਲਾ ਵਧਾਇਆਂ ਹੈ ਮੈਂ ਉਹਨਾਂ ਦੀ ਬਹੁਤ ਹੀ ਸ਼ੁਕਰ ਗੁਜ਼ਾਰ ਹਾਂ।

ਗੁਰੂ ਜਗਜੀਤ ਮੇਰੇ ਗੁਰੂ ਜਗਜੀਤ ਜੀ
ਤੇਰੇ ਨਾਲ ਸ਼ਹਿਨ ਸ਼ਾਹ ਨਿਭ ਜਾਏ ਪ੍ਰੀਤ ਜੀ

ਸਤਿਗੁਰੂ ਜੀ ਦੇ ਚਰਨਾਂ ਦੀ ਧੂੜ
-ਰਣਜੀਤ ਕੌਰ 'ਜੀਤ'

ਤਤਕਰਾ

ਤੜਫ ਤੇਰੇ ਦੀਦ ਦੀ

ਲੇਖਿਕਾ :

ਰਣਜੀਤ ਕੌਰ 'ਜੀਤ'

ਦੀਦ ਦੀ ਪਿਆਸ

ਗੁਰੂ ਰਾਮ ਸਿੰਘ ਤੇਰੇ ਦੀਦ ਦੀ ਪਿਆਸ ਹੈ
ਧਰਤੀ ਅਕਾਸ਼ ਚੰਦਾ ਸਭ ਨੂੰ ਤੇਰੀ ਆਸ ਹੈ

ਪਿਆਸੀਆਂ ਘਟਾਵਾਂ ਪਿਆਸੀਆਂ ਹਵਾਵਾਂ ਨੇ
ਪਿਆਸੀਆਂ ਹੀ ਬੱਦਲਾਂ ਚ, ਕੂੰਜ ਦੀਆਂ ਹਵਾਵਾਂ ਨੇ
ਸਾਗਰ 'ਚ ਸੀਪ ਕਹੇ ਨਾ ਬੁਝੀ ਮੇਰੀ ਪਿਆਸ ਹੈ
ਗੁਰੂ ਰਾਮ ਸਿੰਘ ਤੇਰੇ ਦੀਦ ਦੀ ਪਿਆਸ ਹੈ

ਫੁੱਲਾਂ ਵਿਚ ਘਿਰੇ ਹੋਏ ਭੌਰੇ ਪਿਆਸੇ ਨੇ
ਪੀਉ ਪੀਉ ਬੋਲਦੇ ਪਪੀਹੇ ਵੀ ਨਿਰਾਸੇ ਨੇ
ਸਾਵਣ ਵੀ ਕਹੇ ਮੇਰੀ ਬੁਝਦੀ ਨਹੀ ਪਿਆਸ ਹੈ
ਗੁਰੂ ਰਾਮ ਸਿੰਘ ਤੇਰੇ ਦੀਦ ਦੀ ਪਿਆਸ ਹੈ

ਸਹਿਕਦੀ ਏ ਰਾਤ ਪਿਆਸੀ ਪਿਆਸੀ ਆਈ ਸ਼ਾਮ ਹੈ
ਪਿਆਸਿਆਂ ਬੁਲਾਂ ਤੇ ਚੀਨੀ ਵਾਲੇ ਦਾ ਹੀ ਨਾਮ ਹੈ
ਆਉਂਦੇ ਜਾਂਦੇ ਸਾਹ ਪਿਆਸੇ ਧੜ੍ਹਕਨਾਂ ਚ, ਪਿਆਸ ਹੈ
ਗੁਰੂ ਰਾਮ ਸਿੰਘ ਤੇਰੇ ਦੀਦ ਦੀ ਪਿਆਸ ਹੈ

ਹਿਜ਼ਰਾਂ ਦੇ ਫੱਟਾਂ ਦੀ ਪੀੜ ਵੀ ਪਿਆਸੀ ਏ
ਖੋਏ ਖੋਏ ਨੈਣਾਂ ਦੀ ਉਡੀਕ ਵੀ ਨਿਰਾਸੀ ਏ
ਬਾਗਾਂ ਵਿਚ ਕੋਇਲ ਦੀ ਹੂਕ 'ਚ ਪਿਆਸ ਹੈ
ਗੁਰੂ ਰਾਮ ਸਿੰਘ ਤੇਰੇ ਦੀਦ ਦੀ ਪਿਆਸ ਹੈ

ਸਾਰੇ ਸੰਸਾਰ ਵਿਚ ਪਿਆਸ ਹੀ ਪਿਆਸ ਹੈ
ਤੇਰੇ ਆਏ ਬਿਨ੍ਹਾਂ ਇਹ ਬੁਝਣੀ ਨਹੀਂ ਪਿਆਸ ਹੈ
ਪਿਆਸੀ 'ਜੀਤ' ਸਹਿਕੇ ਚੀਨੀ ਵਾਲੇ ਤੇਰੀ ਆਸ ਹੈ
ਗੁਰੂ ਰਾਮ ਸਿੰਘ ਤੇਰੇ ਦੀਦ ਦੀ ਪਿਆਸ ਹੈ
ਧਰਤੀ ਆਕਾਸ਼ ਚੰਦਾ ਸਭ ਨੂੰ ਤੇਰੀ ਆਸ ਹੈ

ਪੀੜ ਜਮਾਨੇ ਦੀ

ਚੀਨੀ ਵਾਲਾ ਨਿਰਮੋਹੀ ਸਾਨੂੰ ਦੇ ਗਿਆ ਪੀੜ ਜ਼ਮਾਨੇ ਦੀ
ਪਰਸੋਂ ਦਾ ਵਾਇਦਾ ਕਰ ਟੁਰਿਆ ਨਾ ਭੇਜੀ ਖ਼ਬਰ ਠਿਕਾਨੇ ਦੀ

ਕੋਈ ਫੁੱਲ ਚਮਨ ਵਿਚ ਖਿੜਦਾ ਨਹੀ ਆਏਗੀ ਬਹਾਰ ਕਦੋਂ
ਸਭ ਪਏ ਉਡੀਕਾਂ ਕਰਦੇ ਨੇ ਹੋਵੇਗਾ ਦੀਦਾਰ ਕਦੋਂ
ਹਰ ਚਿਹਰੇ ਤੇ ਉਦਾਸੀ ਏ ਨਾ ਉਠਦੀ ਹੂਕ ਤਰਾਨੇ ਦੀ
ਚੀਨੀ ਵਾਲਾ.................

ਇਹ ਹੋਇਆ ਤੇ ਉਹ ਹੋਇਆ ਮੈਂ ਕੀ ਦਸਾਂ ਕੀ ਕੀ ਬੀਤੀ
ਫੱਟ ਹਿਜਰਾਂ ਦੀ ਪੀੜ ਕਿਵੇ ਸੰਗਤਾਂ ਨੇ ਪੀਤੀ ਬੁਲ੍ਹ ਸੀਤੀ
ਹਾਲਤ ਕੀ ਇਹ ਨਾ ਪੁਛੋ ਵਿਯੋਗੀ ਰਾਮ ਦੀਵਾਨੇ ਦੀ.
ਚੀਨੀ ਵਾਲਾ............................

ਆਪਣੇ ਯਾਰ ਬੇ-ਗਾਨੇ ਹੋਏ ਯਾਦ ਉਹਦੀ ਵਿਚ ਪੱਲ ਪੱਲ ਮੋਏ
ਜਿਉਂਦੇ ਹਾਂ ਵਾਂਗ ਅਧਮੋਏ ਰਹੀਏ ਹਰ ਦਮ ਖੋਏ ਖੋਏ
ਕੀ ਕਰੀਏ ਤਾਂ ਕਿਸ ਨਾਲ ਕਰੀਏ ਗੱਲ ਉਸ ਬੇ-ਜ਼ਬਾਨੇ ਦੀ
ਚੀਨੀ ਵਾਲਾ.............................

ਦਰਦਾਂ ਦਾ ਜਦ ਗੀਤ ਮੈਂ ਛੋਹਿਆ ਪੱਲ ਪੱਲ ਜੁੱਗੋਂ ਭਾਰਾ ਹੋਇਆ
ਸਾਰਾ ਆਲਮ ਖੋਇਆ ਖੋਇਆ ਹਾਲ 'ਜੀਤ' ਦੇ ਅੰਬਰ ਰੋਇਆ
ਨੈਣਾਂ ਵਿਚ ਹਝੂੰ ਛੱਲਕਦੇ ਨੇ ਹਕੀਕਤ ਮੇਰੇ ਅਫਸਾਨੇ ਦੀ

ਚੀਨੀ ਵਾਲਾ ਬੇ-ਦਰਦੀ ਸਾਨੂੰ ਦੇ ਗਿਆ ਪੀੜ ਜ਼ਮਾਨੇ ਦੀ
ਪਰਸੋ ਦਾ ਵਾਇਦਾ ਕਰ ਤੁਰਿਆ ਨਾ ਭੇਜੀ ਖਬਰ ਠਿਕਾਨੇ ਦੀ

ਪ੍ਰਦੇਸੀ ਪ੍ਰੀਤਮ

ਉਸ ਚੀਨੀ ਵਾਲੇ ਪ੍ਰੀਤਮ ਦੀ ਕੋਈ ਗੱਲ ਸੁਣਾਈ ਜਾਂਦੀ ਨਹੀ
ਰੋ ਰੋ ਅੱਖੀਆਂ ਦੇ ਸਾਵਣ ਤੋਂ ਇਹ ਅੱਗ ਬੁਝਾਈ ਜਾਂਦੀ ਨਹੀ

ਜਦੋਂ ਟੁਰਿਆ ਸੀ ਪ੍ਰਦੇਸਾਂ ਨੂੰ ਉਹ ਕਿੰਝ ਮੈਂ ਹਾਲ ਬਿਆਨ ਕਰਾਂ
ਅੱਜ ਵੀ ਨੇ ਕੂਕਾਂ ਕੂਕਦੀਆਂ ਉਹ ਹੂਕ ਸੁਣਾਈ ਜਾਦੀ ਨਹੀ

ਕਈ ਖਾਣਾ ਪੀਣਾ ਭੁਲ ਗਏ ਸਨ ਕਈ ਰਾਤ ਦਿਨੇ ਕੁਰਲਾਂਦੇ ਸੀ
ਕਈ ਤੜਫ ਤੜਫ ਕੇ ਮਰ ਗਏ ਸਨ ਉਹ ਝਲਕ ਵਿਖਾਈ ਜਾਂਦੀ ਨਹੀ

ਗੁਰੂ ਹਰੀ ਸਿੰਘ ਜੀ ਭਰਤ ਵਾਂਗ ਬ੍ਰਿਹਾਂ ਵਿਚ ਬ੍ਰਿਹਨ ਹੋ ਗਏ ਸਨ
ਜਿਹਦੇ ਬਾਝੋਂ ਪੱਲ ਵੀ ਗੁਜਰੇ ਨਾ ਫਿਰ ਉਮਰ ਲੰਘਾਈ ਜਾਂਦੀ ਨਹੀ

ਉਹ ਕਾਲੀ ਕੰਬਲੀ ਲੈ ਟੁਰਿਆ ਅੱਜ ਤੱਕ ਬੇ-ਦਰਦੀ ਨਹੀ ਮੁੜਿਆ
ਜੋ ਕਾਲੀ ਕੰਬਲੀ ਲੈ ਆਈ ਉਹ ਮਾਈ ਭੁਲਾਈ ਜਾਂਦੀ ਨਹੀ

ਕੈਂਹਿਦੇ ਸੀ ਮੁੜ ਕੇ ਆਵਾਂਗਾ ਆ ਕੇ ਸੀਨੇ ਨਾਲ ਲਾਵਾਂਗਾ
ਉਹ ਦਾ ਬਚਨ ਲੀਕ ਹੈ ਪੱਥਰ ਤੇ ਫਿਰ ਆਸ ਮੁਕਾਈ ਜਾਂਦੀ ਨਹੀ

ਤਸਵੀਰ ਬਣਾਵਣ ਲਗਦਾ ਹਾਂ ਤਸਵੀਰ ਬਣਾਈ ਜਾਏ ਨਾ
ਉਹਦੇ ਨੈਣਾਂ ਵਿਚ ਜੋ ਮਸਤੀ ਏ ਨੈਣਾਂ ਵਿਚ ਪਾਈ ਜਾਂਦੀ ਨਹੀ

ਉਹਦੀ ਯਾਦ ਕਲੇਜਾ ਚੀਰ ਦੀ ਏ ਵੱਸ ਗੱਲ ਮੁਕਦੀ ਤਕਦੀਰ ਦੀ ਏ
ਜੋ ਗੁਜਰ ਰਹੀ 'ਜੀਤ' ਉਤੇ ਉਹ ਟੀਸ ਵਿਖਾਈ ਜਾਂਦੀ ਨਹੀ

ਉਸ ਚੀਨੀ ਵਾਲੇ ਪ੍ਰੀਤਮ ਦੀ ਕੋਈ ਗੱਲ ਸੁਣਾਈ ਜਾਂਦੀ ਨਹੀ
ਰੋ ਰੋ ਅੱਖੀਆਂ ਦੇ ਸਾਵਣ ਤੋਂ ਇਹ ਅੱਗ ਬੁਝਾਈ ਜਾਂਦੀ ਨਹੀ

ਤੇਰੇ ਛੱਡ ਜਾਣੇ ਪਿਛੋਂ

ਤੇਰੇ ਛੱਡ ਜਾਣ ਪਿਛੋਂ ਕੀ ਦਸਾਂ ਕੀ ਹੋਇਆ ਏ
ਸੰਗਤ ਤੇਰੀ ਨੂੰ ਰੱਜ ਰੱਜ ਗੋਰਿਆਂ ਨੇ ਕੋਇਆ ਏ

ਭੈਣੀ ਸਾਹਿਬ ਡੇਰਾ ਆ ਕੇ ਗੋਰਿਆਂ ਨੇ ਲਾ ਲਿਆ
ਜ਼ੁਲਮ ਦੇ ਹਨੇਰ ਵਾਲਾ ਝੰਡਾ ਵੀ ਝੁਲਾ ਲਿਆ
ਜਿਗਰ ਦਾ ਖ਼ੂਨ ਸਾਡੀ ਅੱਖੀਆਂ ਚੋਂ ਚੋਇਆ ਏ.
ਤੇਰੇ ਛੱਡ ਜਾਣ...........

ਛੇ ਮਹੀਨੇ ਪਹਿਲੋਂ ਕੋਈ ਭੈਣੀ ਸਾਹਿਬ ਆਏ ਨਾ
ਪੰਜਾਂ ਤੋਂ ਵੱਧ ਕੋਈ ਚੋਂਕੜਾ ਲਗਾਏ ਨਾ
ਸਾਰੇ ਜੱਗ ਉਤੇ ਐਲਾਨ ਇਹੀਓ ਹੋਇਆ ਏ.
ਤੇਰੇ ਛੱਡ ਜਾਣ...........

ਗੁਰੂ ਹਰੀ ਸਿੰਘ ਸ਼ਾਤ ਸਾਗਰ ਹਿਮਾਲਿਆ
ਸਿੱਖੀ ਵਾਲਾ ਬੂਟਾ ਉਨ੍ਹਾਂ ਖ਼ੂਨ ਦੇ ਕੇ ਪਾਲਿਆ
ਜੀਵਣ ਕੌਰ ਮਾਂ ਵਿਚ ਸਬਰ ਸਮੋਇਆ ਏ.
ਤੇਰੇ ਛੱਡ ਜਾਣ...........

ਸਾਰੀ ਸਾਰੀ ਰਾਤ ਗੱਲਾਂ ਤਾਰਿਆਂ ਨਾਲ ਕੀਤੀਆ
ਉਨ੍ਹਾਂ ਨੂੰ ਸੁਣਾਈਆਂ ਜੋ ਵੀ ਸਾਡੇ ਨਾਲ ਬੀਤੀਆਂ
ਗੁਰੂ ਪ੍ਰਤਾਪ ਨੇ ਵੀ ਮੁਖੜਾ ਲਕੋਇਆ ਏ.
ਤੇਰੇ ਛੱਡ ਜਾਣ...........

ਆਂਉਦੀਆਂ ਬਹਾਰਾਂ ਨਾ ਪਹਿਲੇ ਵਾਂਗ ਫੁੱਲ ਖਿਲੱਦੇ
ਸਾਰਾ ਜੱਗ ਢੂੰਡਿਆ ਨਾ ਚੀਨੀ ਵਾਲੇ ਮਿਲਦੇ
ਮੈਂ ਤੇਰੇ ਹੀ ਭੁਲੇਖੇ ਇਕ ਇਕ ਫੁੱਲ ਟੋਹਿਆ ਏ.
ਤੇਰੇ ਛੱਡ ਜਾਣ...........

ਆਈ ਏ ਦੀਵਾਲੀ ਲੋਕਾਂ ਜਸ਼ਨ ਮਨਾਏ ਨੇ
ਮੈਂ ਦੀਦਿਆਂ ਦੇ ਬਾਲ ਦੀਵੇ ਰਾਹਾਂ 'ਚ ਜਗਾਏ ਨੇ
ਮੇਰਿਆਂ ਨਸੀਬਾਂ ਮੇਰਾ ਸੂਰਜ ਲਕੋਇਆ ਏ.
ਤੇਰੇ ਛੱਡ ਜਾਣ...........

ਬੜੇ ਕਰਵਾਏ ਪਾਠ ਚੀਨੀ ਅਸਵਾਰ ਲਈ
ਤੜਪਦੀ ਏ ਸੰਗਤ ਦਾਤਾ ਤੇਰੇ ਦੀਦਾਰ ਲਈ
ਖੁਸ਼ੀਆਂ ਦਾ ਸਾਗਰ ਤੇਰੇ ਚਰਨੀ ਸਮੋਇਆ ਏ.
ਤੇਰੇ ਛੱਡ ਜਾਣ...........

ਹਾਲ ਫਕੀਰੀ ਲੋਕੀ ਆਖਦੇ ਸੌਦਾਈ ਵੇ
ਚੀਨੀ ਵਾਲੇ 'ਜੀਤ' ਦੀ ਤੂੰ ਸੁਣ ਲੈ ਦੁਹਾਈ ਵੇ
ਅੱਖੀਆਂ ਦਾ ਸਾਉਣ ਪਾ ਕੇ ਵੈਣ ਰੱਜ ਰੋਇਆ ਏ

ਤੇਰੇ ਛੱਡ ਜਾਣ ਪਿਛੋਂ ਕੀ ਦਸਾਂ ਕੀ ਹੋਇਆ ਏ
ਸੰਗਤ ਤੇਰੀ ਨੂੰ ਰੱਜ ਰੱਜ ਗੋਰਿਆਂ ਨੇ ਕੋਇਆ ਏ

ਕਹਾਣੀ ਚੀਨੀ ਵਾਲੇ ਦੀ

ਸੁਣੋ ਸੁਣਾਵਾਂ ਮੈਂ ਕਹਾਣੀ ਚੀਨੀ ਦੇ ਅਸਵਾਰ ਦੀ
ਜਿਸ ਦਾ ਰਸਤਾ ਵੇਖ ਰਹੀ ਏ ਅੱਖ ਸਾਰੇ ਸੰਸਾਰ ਦੀ

ਪਿਤਾ ਜੱਸਾ ਸਿੰਘ ਮਾਂ ਸਦਾ ਕੌਰ ਜੀ ਦੇ ਘਰ ਪ੍ਰਗਟਾਏ ਸੀ
ਪੈਦਾ ਹੋਈ ਮਸ਼ਕ ਪਾਣੀ ਦੀ ਕੀ ਕੀ ਰੰਗ ਦਿਖਲਾਏ ਸੀ
ਅੱਜ ਤੱਕ ਲੋਕੀ ਗੱਲਾਂ ਕਰਦੇ ਉਸ ਦੇ ਚਮਤਕਾਰ ਦੀ
ਸੁਣੋ ਸੁਣਾਵਾਂ.............

ਰਾਈਆਂ ਦੇ ਵਿਚ ਪ੍ਰਗਟ ਹੋ ਜਾ ਭੈਣੀ ਦੇ ਭਾਗ ਜਗਾਏ ਸੀ
ਖੁਸ਼ੀਆਂ ਦਾ ਉਸ ਮੀਂਹ ਪਾਇਆ ਜਿਥੇ ਗਮਾਂ ਦੇ ਬਦੱਲ ਛਾਏ ਸੀ
ਚਾਰੇ ਪਾਸੇ ਖਿੜੀ ਬਸੰਤ ਰੁੱਤ ਆ ਗਈ ਬਹਾਰ ਦੀ
ਸੁਣੋ ਸੁਣਾਵਾਂ............

ਦਸਮ ਪਿਤਾ ਸਰਬੰਸ ਵਾਰਿਆ ਭੁਲ ਗਿਆ ਸੰਸਾਰ ਸੀ
ਚੋਰੀ ਯਾਰੀ ਠੱਗੀ ਵਿਸ਼ੇ ਵਿਕਾਰਾਂ ਦੀ ਭਰਮਾਰ ਸੀ
ਸੁਣੀ ਪੁਕਾਰ ਚੀਨੀ ਵਾਲੇ ਦੁਨੀਆਂ ਤੇ ਹਾਹਾਕਾਰ ਦੀ
ਸੁਣੋ ਸੁਣਾਵਾਂ.............

ਫਿਰ ਅੰਮ੍ਰਿਤ ਦਾ ਛਿੱਟਾ ਦੇ ਕੇ ਮੋਈਆ ਰੂਹਾਂ ਉਭਾਰੀਆਂ ਸੀ
ਛਡਾਂਗਾ ਦੇਸ਼ ਅਜ਼ਾਦ ਕਰਾ ਕੇ ਕੀਤੀਆਂ ਸਭੇ ਤਿਆਰੀਆਂ ਸੀ
ਮਾਈਆਂ ਨੂੰ ਵੀ ਬਖਸ਼ ਕੇ ਅੰਮ੍ਰਿਤ ਕ੍ਰਿਪਾ ਕੀਤੀ ਅਪਾਰ ਦੀ
ਸੁਣੋ ਸੁਣਾਵਾਂ............

ਐਸੀ ਮਾਰੀ ਫੂਕ ਉਸ ਦੇ ਦੀਵਾਨੇ ਲੱਖਾਂ ਹੋ ਗਏ
ਦੇਸ਼ ਵਾਲੀ ਸ਼ਮਾਂ ਦੇ ਪ੍ਰਵਾਨੇ ਲੱਖਾਂ ਹੋ ਗਏ
ਬਿਸ਼ਨ ਤੇ ਵਰਿਆਮ ਕਈ ਕਰ ਗਏ ਜਿੰਦ ਨਿਸਾਰ ਜੀ
ਸੁਣੋ ਸੁਣਾਵਾਂ................

ਜਿਸ ਨੇ ਉਸ ਨੂੰ ਵੇਖਿਆਂ ਵਸ ਉਸ ਦਾ ਹੀ ਹੋ ਗਿਆ
ਉਸ ਦੀ ਮਾਲਾ ਦਾ ਬੱਣ ਮੋਤੀ ਉਸ ਦੇ ਵਿਚ ਪਰੋ ਗਿਆ
ਖਾਲੀ ਨਹੀਂ ਸੀ ਜਾਂਦਾ ਉਸ ਦੇ ਨੈਣਾਂ ਦਾ ਕੋਈ ਵਾਰ ਜੀ
ਸੁਣੋ ਸੁਣਾਵਾਂ.............

ਗੋਰਿਆਂ ਦੀ ਕਾਲੀ ਸਰਕਾਰ ਨੇ ਹਾਹਾਕਾਰ ਮਚਾਇਆ ਸੀ
ਗੁਰੂ ਰਾਮ ਸਿੰਘ ਅਜ਼ਾਦੀ ਦਾ ਝੰਡਾ ਚੁਕ ਲਹਿਰਾਇਆ ਸੀ
ਭਾਰਤ ਮਾਤਾ ਜਕੜੀ ਹੋਈ ਵੇਖੀ ਸੀ ਭੁਬਾਂ ਮਾਰਦੀ ਦੀ
ਸੁਣੋ ਸੁਣਾਵਾਂ.............

ਸਤਿਆਗ੍ਰਹਿ ਨਾ ਮਿਲਵਰਤਣ ਦੀ ਲਹਿਰ ਉਸ ਚਲਾ ਦਿੱਤੀ
ਐਸਾ ਕੀਤਾ ਬਾਈਕਾਟ ਨਾਨੀ ਗੋਰਿਆਂ ਨੂੰ ਯਾਦ ਕਰਾ ਦਿੱਤੀ
ਚਾਰੇ ਪਾਸੇ ਗੂੰਜ ਉਠੀ ਫਿਰ ਚੀਨੀ ਦੇ ਅਸਵਾਰ ਦੀ
ਸੁਣੋ ਸੁਣਾਵਾਂ.............

ਐਸਾ ਜੜ੍ਹੋ ਹਿਲਾਇਆ ਗੋਰਾ ਲੰਡਨ ਤੱਕ ਸੀ ਗੂੰਜ ਗਈ
ਭਾਜੜ ਪਈ ਸਰਕਾਰ ਗੋਰੀ ਨੂੰ ਉਸ ਨੂੰ ਇਹ ਗੱਲ ਸੁਝ ਗਈ
ਛੱਡਣੀ ਪਊ ਹੁਣ ਭਾਰਤ ਮਾਤਾ ਉਹ ਇਹ ਗੱਲ ਵੀਚਾਰ ਦੀ
ਸੁਣੋ ਸੁਣਾਵਾਂ..........

ਫਿਰ ਵੀ ਉਸ ਇਹ ਕਹਿਰ ਕਮਾਇਆ ਜਲਾਵਤਨ ਸਤਿਗੁਰ ਕੀਤੇ
ਕੁਰਲਾਂਦੀ ਨਾ ਸੰਗਤ ਵੇਖੀ ਉਹ ਵੀ ਟੁਰ ਗਏ ਚੁਪ ਕੀਤੇ
ਪਰਸੋਂ ਦਾ ਵਾਇਦਾ ਕਰ ਕੇ ਉਨਾਂ ਸੰਗਤ ਉਥੇ ਖਲ੍ਹਾਰ ਦੀ
ਸੁਣੋ ਸੁਣਾਵਾਂ..........

ਮੈਂ ਕੱਸ਼ਟਾਂ ਨੂੰ ਸਹਿ ਸਹਿ ਕੇ ਤੇ ਦੇਸ਼ ਅਜ਼ਾਦ ਕਰਾਣਾਂ ਏ
ਰਹਿਣ ਨਹੀ ਦੇਣਾ ਭਾਰਤ ਦੇ ਵਿਚ ਗੋਰੇ ਦਾ ਬੀਜ ਮੁਕਾਣਾਂ ਏ
ਭਾਰਤ ਮਾਂ ਦੀ ਡੁਬੱਦੀ ਬੇੜੀ 'ਜੀਤ' ਉਸ ਨੇ ਤਾਰ ਦੀ

ਸੁਣੋ ਸੁਣਾਵਾਂ ਮੈਂ ਕਹਾਣੀ ਚੀਨੀ ਦੇ ਅਸਵਾਰ ਦੀ
ਜਿਸ ਦਾ ਰਸਤਾ ਵੇਖ ਰਹੀ ਏ ਅੱਖ ਸਾਰੇ ਸੰਸਾਰ ਦੀ

ਭੁਲ ਗਇਓ ਕਾਹਨੂੰ

ਭੁਲ ਗਇਓ ਕਾਹਨੂੰ ਪ੍ਰਦੇਸਾਂ ਵਿਚ ਜਾ ਵੇ
ਕੀਤੇ ਹੋਏ ਵਾਇਦੇ ਜੇਹੜੇ ਆ ਕੇ ਨਿਭਾ ਵੇ

ਜਾਣ ਪ੍ਰਦੇਸ ਜਿਹੜੇ ਮੁੜ ਘਰ ਔਂਉਦੇ ਨੇ
ਅਪਣੇ ਪਿਆਰਿਆਂ ਨੂੰ ਨਾ ਇੰਜ ਤੜਪਾਂਉਦੇ ਨੇ
ਕਾਲੀ ਦੇ ਸਾਂਈਆ ਕਿਤੇ ਤੂੰ ਵੀ ਘਰ ਆ ਵੇ, ਕੀਤੇ ਹੋਏ............

ਤੇਰੇ ਬਿਨਾਂ ਵੇਖ ਸਾਡਾ ਜੀਣਾਂ ਕਾਹਦਾ ਰਹਿ ਗਿਆ
ਆਵਾਂਗਾ ਮੈਂ ਪਰਸੋਂ ਨੂੰ ਜਾਂਦਾ ਸੀ ਤੂੰ ਕਹਿ ਗਿਆ
ਜੇ ਕੋਲ ਹੋਵੇ ਰੁਸੜੇ ਨੂੰ ਲਵਾਂ ਮੈਂ ਮਨਾਂ ਵੇ, ਕੀਤੇ ਹੋਏ.........

ਚੀਨੀ ਘੋੜੀ ਵਾਲਿਆਂ ਵੇ ਜੱਗ ਰਖਵਾਲਿਆਂ
ਵੇਖ ਜਰਾ ਆ ਕੇ ਤੇਰੀ ਬਿਹੋਂ ਨੇ ਖਾ ਲਿਆ
ਵਿਛੋੜੇ ਦੇ ਇਹ ਲੰਮੇ ਪੈਂਡੇ ਆ ਕੇ ਮੁਕਾ ਵੇ, ਕੀਤੇ ਹੋਏ...........

ਅੱਜ ਫੇਰ ਰਾਇ ਸਿੰਘ ਤੈਨੂੰ ਹੈ ਪੁਕਾਰਦਾ
ਵਾਸਤਾ ਹੈ ਤੇਰੇ ਅਗੇ ਤੇਰੇ ਹੀ ਇੰਤਜ਼ਾਰ ਦਾ
ਤੜਪਦੀਆਂ ਰੂਹਾਂ ਨੂੰ ਆ ਸੀਨੇ ਨਾਲ ਲਾ ਵੇ, ਕੀਤੇ ਹੋਏ............

ਮਾਰਦੇ ਨੇ ਤਾਨ੍ਹੇ ਸਾਰੇ ਅਪਣੇ ਬੇ-ਗਾਨੇ ਵੇ
ਗਿਆਂ ਤੈਨੂੰ ਵੇਖ ਅੱਜ ਗੁਜ਼ਰੇ ਜ਼ਮਾਨੇ ਵੇ
ਆਣਾ ਨਹੀ ਜੇ ਤੂੰ ਸਾਨੂੰ ਕੋਲ ਬੁਲਾ ਵੇ, ਕੀਤੇ ਹੋਏ............

ਵੱਡ ਪ੍ਰਤਾਪੀ ਅੱਜ ਗੁਰੂ ਜਗਜੀਤ ਵੇ
ਲੱਖਾ ਕਰਵਾਏ ਪਾਠ ਤੇਰੇ ਲਈ ਮਨ ਮੀਤ ਵੇ
ਫਰਿਆਦ ਸੁਣ 'ਜੀਤ' ਦੀ ਦਰਸ ਦਿਖਾ ਵੇ

ਭੁਲ ਗਇਉਂ ਕਾਹਨੂੰ ਪ੍ਰਦੇਸਾਂ ਵਿਚ ਜਾ ਵੇ
ਕੀਤੇ ਹੋਏ ਵਾਇਦੇ ਜਿਹੜੇ ਆ ਕੇ ਨਿਭਾ ਵੇ

ਭੈਣੀ ਸਾਹਿਬ ਨੂੰ ਛੱਡਣ ਵੇਲੇ

ਭੈਣੀ ਸਾਹਿਬ ਨੂੰ ਛੱਡਣ ਵੇਲੇ ਗੱਲਾਂ ਗੁਰਾਂ ਨੇ ਕੀਤੀਆਂ
ਦੀ ਦਸਾਂ ਮੈਂ ਦਸ ਨਹੀਂਓ ਸਕਦੀ ਕੀ ਕੀ ਦਿਲਾਂ ਤੇ ਬੀਤੀਆਂ

ਟੁਰ ਪਿਆ ਮੈਂ ਸੰਗਤੇ ਨੀ ਬੈਠ ਗੱਡੇ ਲੈ ਕਾਲੀ ਕੰਬਲੀ
ਖੱੜੀ ਤਬੇਲੇ ਹਸੂੰ ਭੋਲੇ ਚੀਨੀ ਜੋ ਮੇਰੀ ਰੰਗਲੀ
ਬਦਲ ਜਾਣੇ ਨੇ ਨਗਮੇ ਸਾਰੇ ਬਦਲ ਜਾਣੀਆਂ ਨੇ ਨੀਤੀਆਂ
ਭੈਣੀ ਸਾਹਿਬ ਨੂੰ ਛੱਡਣ ਵੇਲੇ...............

ਪੈਰ ਪੁਟਾਂ ਤੇ ਕੰਬਣੀ ਛਿੜਦੀ ਜੀ ਨਹੀਂ ਕਰਦਾ ਜਾਣ ਨੂੰ
ਜਾਣੋ ਪਿਆਰੀ ਸੰਗਤ ਮੇਰੀ ਕਿੰਜ ਛੱਡ ਜਾਂ ਮਰ ਜਾਣ ਨੂੰ
ਸਥਰ ਪਿਆਲੀਆਂ ਸਬਰਾਂ ਦੇ ਨਾਲ ਅਸਾਂ ਨੇ ਭਰ ਭਰ ਪੀਤੀਆਂ
ਭੈਣੀ ਸਾਹਿਬ ਨੂੰ ਛੱਡਣ ਵੇਲੇ...............

ਅੱਜ ਤੋਂ ਬੁਧ ਸਿੰਘ ਹਰੀ ਰੱਖੇਗਾ ਸਿੱਖੀ ਨੂੰ ਉਹ ਕਹਿਣ ਲਗੇ
ਨਾਮ ਹਰੀ ਸਿੰਘ ਰੱਖ ਚਲੇ ਕਿਹਾ ਸਤਿਗੁਰਾਂ ਗੱਡੇ ਤੇ ਬਹਿਣ ਲਗੇ
ਇੰਨਾਂ ਦੀ ਕੀਤੀ ਮੈ ਨਾ ਮੋੜਾ ਅੱਜ ਤੇ ਇਹੋ ਨੇ ਰੀਤੀਆਂ
ਭੈਣੀ ਸਾਹਿਬ ਨੂੰ ਛੱਡਣ ਵੇਲੇ...............

ਪਿਛੋ ਇੰਨਾਂ ਤੋਂ ਇਨ੍ਹਾਂ ਦਾ ਸਹਿਬਜ਼ਾਦਾ ਰਾਹ ਦਸੇਗਾ ਸਾਡੇ ਮਿਲਾਪ ਦਾ
ਉਹ ਦਾ ਤੇਜ਼ ਨਾ ਕੋਈ ਵੀ ਝੱਲ ਸਕੂ ਗੁਰੂ ਹੋਏਗਾ ਵੱਡੇ ਪ੍ਰਤਾਪ ਦਾ
ਬੇੜਾ ਉਸ ਦਾ ਪਾਰ ਹੋ ਜਾਊ ਕਰੇ ਜੋ ਉਹਦੇ ਨਾਲ ਪ੍ਰੀਤੀਆਂ
ਭੈਣੀ ਸਾਹਿਬ ਨੂੰ ਛੱਡਣ ਵੇਲੇ...............

ਫਿਰ ਆਵੇਗਾ ਸਭ ਤੋਂ ਨਿਆਰਾ ਗੁਰੂ ਜਗਜੀਤ ਪਿਆਰਾ
ਧੰਨ ਦੌਲਤ ਤੇ ਖੁਸ਼ੀਆਂ ਦਾ ਉਹ ਖੋਲ੍ਹੇਗਾ ਭੰਡਾਰਾ
ਹਰ ਪਾਸੇ ਜੈ ਜੈ ਕਾਰ ਹੋਏ ਉਹਦੀ ਤੋੜੇਗਾ ਸਭੇ ਕੁਰੀਤੀਆਂ
ਭੈਣੀ ਸਾਹਿਬ ਨੂੰ ਛੱਡਣ ਵੇਲੇ................

ਮੈਂ ਝੱਲ ਕੇ ਕਸ਼ਟ ਵਿਦੇਸ਼ਾਂ ਦੇ ਤੇ ਦੇਸ਼ ਅਜ਼ਾਦ ਕਰਾਣਾ ਏ
ਗੋਰੇ ਦਾ ਕਰ ਗੋਲ ਬਿਸਤਰਾ ਵਿਚ ਲੰਡਨ ਪਹੁਚਾਣਾ ਏ
ਨਾ ਤੜਪੋ 'ਜੀਤ' ਬੇਚੈਨ ਕਰੋ ਮੈ ਏਸੇ ਤੇ ਬੁਲ੍ਹੀਆਂ ਸੀਤੀਆ

ਭੈਣੀ ਸਾਹਿਬ ਨੂੰ ਛੱਡਣ ਵੇਲੇ ਗੱਲਾਂ ਗੁਰਾਂ ਨੇ ਕੀਤੀਆਂ
ਕੀ ਦਸਾਂ ਮੈ ਦਸੋਂ ਨਹੀਂਓ ਸਕਦੀ ਕੀ ਕੀ ਦਿਲਾਂ ਤੇ ਬੀਤਿਆਂ

ਦੀਦਿਆਂ ਦੇ ਬਾਲ ਦੀਵੇ

ਦੀਦਿਆਂ ਦੇ ਬਾਲ ਦੀਵੇ ਰਾਵ੍ਹਾਂ 'ਚ ਜਗਾਏ ਨੇ
ਬੀਤ ਗਈਆ ਸਦੀਆਂ ਨਾ ਚੀਨੀ ਵਾਲੇ ਆਏ ਨੇ

ਕਈ ਰੁੱਤਾਂ ਲੰਘ ਗਈਆਂ ਅਥਰੂ ਵਹੌਦੀਆਂ
ਕੋਇਲਾ ਵੀ ਕੂਕ ਦੀਆਂ ਗੀਤ ਉਹ ਦੇ ਗਉਂਦੀਆਂ
ਕਲੀਆਂ ਦੇ ਚਿਹਰੇ ਉਹਦੇ ਬਿਨਾਂ ਮੁਰਝਾਏ ਨੇ.
ਦੀਦਿਆਂ ਦੇ ਬਾਲ.........

ਉਹਦਾ ਹਿਜਰ ਵਿਛੋੜਾ ਸਾਡੇ ਜਿਗਰ ਚ ਫੋੜਾ
ਕਦੋਂ ਪਾਵੇਗਾ ਉਹ ਮੋੜਾ ਸਾਥ ਜ਼ਿੰਦਗੀ ਦਾ ਥੋੜਾ
ਅੰਬਰਾਂ ਨੇ ਹੰਝੂ ਮੇਰੇ ਹਾਲ ਤੇ ਵਹਾਏ ਏ.
ਦੀਦਿਆਂ ਦੇ ਬਾਲ..........

ਚੜ੍ਹ ਚੜ੍ਹ ਆਂਉਦੀਆਂ ਨੇ ਕਾਲੀਆਂ ਘਟਾਵਾਂ ਵੇ
ਪਲੱਕਾਂ ਦੀ ਬੁਕਲਾਂ ਚ ਕਿੰਝ ਮੈਂ ਛੁਪਾਵਾਂ ਵੇ
ਸਬਰਾਂ ਦੇ ਬੰਨ੍ਹ ਅਸਾਂ ਬੰਨ੍ਹ ਲਾਏ ਨੇ.
ਦੀਦਿਆਂ ਦੇ ਬਾਲ.......

ਆਉਂਦੀਆਂ ਬਹਾਰਾਂ ਕਦੀ ਹੁੰਦੀ ਪਤਝੜ ਵੇ
ਸਾਡਿਆ ਨਸੀਬਾਂ 'ਚ ਸਦਾ ਬ੍ਰਿਹਾਂ ਦਾ ਸੜ ਵੇ
ਆਪਣੇ ਪਿਆਰੇ 'ਜੀਤ' ਕਿਜੇ ਤੂੰ ਭੁਲਾਏ ਨੇ.
ਦੀਦਿਆਂ ਦੇ ਬਾਲ..........

ਦੀਦਿਆਂ ਦੇ ਬਾਲ ਦੀਵੇ ਰਾਵ੍ਹਾਂ 'ਚ ਜਗਾਏ ਨੇ
ਬੀਤ ਗਈਆ ਸਦੀਆਂ ਨਾ ਚੀਨੀ ਵਾਲੇ ਆਏ ਨੇ

ਕਦੋਂ ਦੀਦਾਰੇ ਮਿਲਣਗੇ

ਕਦੋਂ ਚੀਨੀ ਵਾਲੇ ਦੇ ਦੀਦਾਰੇ ਮਿਲਣਗੇ
ਮਰਦਿਆਂ ਨੂੰ ਜੀਣ ਦੇ ਇਸ਼ਾਰੇ ਮਿਲਣਗੇ

ਆਸਾਂ ਦੀ ਝੋਲੀ ਤਾਂ ਹੋਈ ਫੱਟ ਕੇ ਲੀਰਾਂ
ਕਦੋਂ ਨਿਆਮਤਾਂ ਦੇ ਭੰਡਾਰੇ ਮਿਲਣਗੇ

ਜਾਂਦੀ ਏ ਡੁੱਬਦੀ ਉਹ ਦੇ ਬਿਨਾਂ ਖਲਕਤ
ਕਦੋਂ ਜੱਗ ਦੇ ਤਾਰਣ ਹਾਰੇ ਮਿਲਣਗੇ

ਅੱਖੀਆਂ ਨੂੰ ਚੁਬਦੇ ਐ ਉਜੜੇ ਵੀਰਾਨੇ
ਕਦੋਂ ਮੈਨੂੰ ਬਹਾਰਾਂ ਦੇ ਨਜ਼ਾਰੇ ਮਿੱਲਣਗੇ

ਮੁੜਿਆ ਅਜੇ ਨਹੀ ਹਰੀ ਪ੍ਰਤਾਪੀ ਵੀ ਟੁਰ ਗਏ
ਕੀ ਮੈਨੂੰ ਗਮ ਜ਼ਮਾਨੇ ਦੇ ਸਾਰੇ ਮਿਲਣਗੇ

ਕਦੋਂ ਤੱਕ ਹੈ ਉਹਦੀ ਬ੍ਰਿਹਾਂ 'ਚ ਸੜਨਾ
ਕਦੋਂ ਉਹਦੀ ਦੀਦ ਦੇ ਫੁਹਾਰੇ ਮਿੱਲਣਗੇ

ਕੂੰਜ ਵਾਂਗ ਕੁਰਲੌਂਦੀ ਜਿੰਦ ਕੀ ਕਰਾਂ
ਕਦੋਂ ਦਿਲ ਦੀ ਬੇੜੀ ਨੂੰ ਕਿਨਾਰੇ ਮਿਲਣਗੇ

ਪੁਛਦੀ ਫਿਰਾਂ ਮੈਂ ਘਟਾਂਵਾਂ ਹਵਾਂਵਾਂ ਨੂੰ
ਕਿੱਥੇ ਜੀਤ ਚੀਨੀ ਅਸਵਾਰੇ ਮਿਲਣਗੇ

ਕਦੋ ਚੀਨੀ ਵਾਲੇ ਦੇ ਦੀਦਾਰੇ ਮਿਲਣਗੇ
ਮਰਦਿਆ ਨੂੰ ਜੀਣ ਦੇ ਇੰਸ਼ਾਰੇ ਮਿਲਣਗੇ

ਨੀ ਮੈਂ ਕਮਲੀ ਹੋਈ

ਟੁਰ ਜਾਣਾ ਪ੍ਰਦੇਸ ਨੂੰ ਉਸ ਦਾ ਸੁਧ ਬੁਧ ਮੇਰੀ ਖੋਈ
ਕਮਲੀ ਕਮਲੀ ਆਖਣ ਸਾਰੇ ਬਾਤ ਨਾ ਪੁਛੇ ਕੋਈ
ਉਹਦੇ ਨਾਲ ਮਿਲਾਵਣ ਵਾਲਾ ਨਾ ਮਿਲਿਆ ਸਾਨੂੰ ਕੋਈ
ਚੀਨੀ ਵਾਲਾ ਚੀਨੀ ਵਾਲਾ ਕਰਦੀ ਨੀ ਮੈਂ ਕਮਲੀ ਹੋਈ,
ਨੀ ਮੈਂ ਕਮਲੀ ਹੋਈ............

ਮਾਂ ਸਦਾ ਕੌਰ ਦੇ ਲਾਲ ਦੀਆਂ ਮੈਂ ਸੁਣ ਸੁਣ ਬਾਤਾਂ
ਰਹਿੰਦੀ ਵਿਚ ਵਿਯੋਗ ਦੇ ਨਾ ਲੰਘਣ ਰਾਤਾਂ
ਉਸ ਦੇ ਦੀਦਾਰ ਬਿਨਾਂ ਨਹੀ ਮਿਲਣੀ ਢੋਈ,
ਨੀ ਮੈਂ ਕਮਲੀ ਹੋਈ............

ਮਾਈ ਦਾਨੀ ਵਰਗੀ ਮੈਂ ਬਣਾਂ ਮੇਰੇ ਦਿਲ ਦੀਆਂ ਚਾਵਾਂ
ਫਿਰ ਆਖਾਂ ਆ ਮਿਲ ਸਤਿਗੁਰੂ ਤੱਕ ਥੱਕੀਆਂ ਰਾਵਾਂ
ਤੁਝ ਬਿਨ ਦਿਲ ਦਿਲਾਸਾ ਨਾ ਦੇ ਸਕਦਾ ਕੋਈ,
ਨੀ ਮੈਂ ਕਮਲੀ ਹੋਈ............

ਤੇਰੀ ਨਜ਼ਰ ਮੈਂ ਸੁਣਿਆਂ ਮੇਹਰ ਦੀ ਡੁੱਬਿਆਂ ਨੂੰ ਤਾਰੇ
ਮੇਰੀ ਬੇੜੀ ਤੁਝ ਬਿਨ ਦਾਤਿਆ ਨਾ ਲੱਗੇ ਕਿਨਾਰੇ
ਸੁਣ ਲੈ ਮੇਰੇ ਮਾਲਕਾ ਮੇਰੀ ਅਰਜੋਈ,
ਨੀ ਮੈਂ ਕਮਲੀ ਹੋਈ............

ਕੌਣ ਖੋਲੇ, ਚੀਨੀ ਵਾਲਿਆ ਹੁਣ ਪੀਚੀਆਂ ਗੰਢਾਂ
ਲੋਕਾਂ ਸਿਰ ਤੇ ਚੁਕ ਲਈਆ ਪਾਪਾਂ ਦੀਆਂ ਪੰਡਾ
ਲੋਭ ਮੋਹ ਹੰਕਾਰ ਨੇ ਹੁਣ ਲਾਹ ਲਈ ਲੋਈ,
ਨੀ ਮੈਂ ਕਮਲੀ ਹੋਈ............

ਸਤਿਗੁਰੂ ਚੀਨੀ ਵਾਲੇ ਦੀ ਕੋਈ ਖਬਰ ਲਿਆਵੇ
ਅੱਖੀਆਂ ਵਿਚ ਸਿਕ ਦੀਦ ਦੀ ਜਿੰਦ ਮੁੱਕਦੀ ਜਾਵੇ
'ਜੀਤ' ਗਿਆ ਪ੍ਰਦੇਸ ਨੂੰ ਲੈ ਕੇ ਕਾਲੀ ਲੋਈ
ਨੀ ਮੈਂ ਕਮਲੀ ਹੋਈ.............

ਟੁਰ ਜਾਣਾ ਪ੍ਰਦੇਸ ਨੂੰ ਉਸ ਦਾ ਸੁਧ ਬੁਧ ਮੇਰੀ ਖੋਈ
ਕਮਲੀ ਕਮਲੀ ਆਖਣ ਸਾਰੇ ਬਾਤ ਨਾ ਪੁਛੇ ਕੋਈ
ਉਹਦੇ ਨਾਲ ਮਿਲਾਵਣ ਵਾਲਾ ਨਾ ਮਿਲਿਆਂ ਸਾਨੂੰ ਕੋਈ
ਚੀਨੀ ਵਾਲਾ ਚੀਨੀ ਵਾਲਾ ਕਰਦੀ ਮੈਂ ਕਮਲੀ ਹੋਈ
ਨੀ ਮੈਂ ਕਮਲੀ ਹੋਈ.............

ਵੇਖੋ ਨੀ ਕਿਤੇ ਦਿਸਦਾ ਨਾ

ਵੇਖੋ ਨੀ ਕਿਤੇ ਦਿਸ ਦਾ ਨਾ ਦਿਸੇ ਨਾ ਚੀਨੀ ਅਸਵਾਰ ਕੁੜੇ
ਭੁਲ ਗਿਆ ਉਹ ਜਾ ਪ੍ਰਦੇਸੀ ਲਈ ਨਾ ਸਾਡੀ ਸਾਰ ਕੁੜੇ

ਚੀਨੀ ਵਾਲਾ ਗਿਆ ਵਿਚ ਪ੍ਰਦੇਸੀ ਮੈਂ ਬਾਵਰੀ ਹੋਈ
ਉਸ ਦੇ ਬਾਝੋਂ ਮੇਰੇ ਨਾ ਅੱਜ ਦੁੱਖੜੇ ਸੁਣਦਾ ਕੋਈ
ਕਿਤੇ ਵੀ ਦਿਲ ਲਗਦਾ ਨਾ ਵੱਜਦੀ ਉਹਦੇ ਵਿਚ ਤਾਰ ਕੁੜੇ
ਵੇਖੋ ਨੀ ਕਿਤੇ ਦਿਸਦਾ ਨਾ....................

ਜੇ ਸਤਿਗੁਰੂ ਮੇਰਾ ਫੇਰਾ ਪਾਵੇ ਮੈਂ ਲੱਖ ਲੱਖ ਸ਼ੁਕਰ ਮਨਾਵਾਂ
ਜਿਨ੍ਹੀਂ ਰਾਹੀ ਉਹ ਆਵੇ ਨੀ ਉਹਨਾਂ ਰਾਹਾਂ ਤੋਂ ਸਦਕੇ ਜਾਵਾਂ
ਪਈ ਛੱਮ ਛੱਮ ਵਗਦੀ ਏ ਨੈਣੋਂ ਹਝੂੰਆਂ ਦੀ ਧਾਰ ਕੁੜੇ
ਵੇਖੋ 'ਨੀ ਕਿਤੇ ਦਿਸਦਾ ਨਾ..........................

ਯਾਦ ਉਹਦੀ ਵਿਚ ਸੁਣ ਸਖੀਏ ਮੈਂ ਰੋ ਰੋ ਭਰਦੀ ਹਾਵਾਂ
ਉਹ ਲੱਗਦਾ ਏ ਭੁਲ ਬੈਠਾ ਪਰ ਮੈਂ ਉਹਨੂੰ ਕਿੰਜ ਭੁਲਾਵਾਂ
ਤੀਰ ਕਲੇਜੇ ਚੋਂ ਹੋਇਆ ਆਰ ਤੇ ਪਾਰ ਕੁੜੇ
ਵੇਖੋ ਨੀ ਕਿਤੇ ਦਿਸਦਾ ਨਾ.............

ਬਣ ਕੇ ਭਿਖਾਰੀ ਦਰ ਉਹਦੇ ਤੇ ਜਾ ਕੇ ਅਲਖ ਜਗਾਈਏ
ਖੋਰੇ ਸਤਿਗੁਰੂ ਰੁਠੱੜਾ ਮੇਰਾ ਆਓ ਰੱਲ ਮਨਾਈਏ
'ਜੀਤ' ਸਾਡੀ ਹੋਵੇਗੀ ਨਾ ਹੋਵੇ ਕਦੇ ਵੀ ਹਾਰ ਕੁੜੇ

ਵੇਖੋ ਨੀ ਕਿਤੇ ਦਿਸ ਦਾ ਨਾ ਦਿਸੇ ਨਾ ਚੀਨੀ ਅਸਵਾਰ ਕੁੜੇ
ਭੁਲ ਗਿਆ ਉਹ ਜਾ ਪ੍ਰਦੇਸੀ ਲਈ ਨਾ ਸਾਡੀ ਸਾਰ ਕੁੜੇ

ਕਾਹਨੂੰ ਰਿਮਝਿਮ ਲਾਈ ਏ

ਬਦੱਲਾ ਵੇ ਐਵੇਂ ਕਾਹਨੂੰ ਰਿਮਝਿਮ ਲਾਈ ਏ
ਵੈਰੀਆਂ ਵੇ ਧੂਹ ਸਾਡੇ ਕਾਲਜੇ ਨੂੰ ਪਾਈ ਏ
ਸੁਣ ਦੁਖੀਆਂ ਦੀ ਤੂੰ ਇਥੋ ਜਾਹ
ਚੀਨੀ ਵਾਲਾ ਦੂਰ ਵਸੇ

ਛੱਮ ਛੱਮ ਰੋਂਦਾ ਵੇ ਤੂੰ ਸਾਡੇ ਵਾਂਗੂੰ ਜਾਪਦਾ
ਅਪਣਿਆਂ ਹਝੂੰਆਂ ਨਾਲ ਹਝੂੰ ਸਾਡੇ ਨਾਪਦਾ
ਨਾਲੇ ਮਾਰਦਾ ਏ ਉਚੀ ਦੇਣੀ ਧਾਹ
ਚੀਨੀ ਵਾਲਾ ਦੂਰ ਵਸੇ..............

ਜਾ ਇਥੋ ਜਾ, ਜਾ ਕੇ ਉਹਦੇ ਕੋਲ ਰੋ ਵੇ
ਸਾਡੇ ਵਾਂਗ ਉਹਦੀਆਂ ਵੀ ਨੀਂਦਰਾਂ ਤੂੰ ਖੋ ਵੇ
ਜਿਹਦੇ ਲਾਰਿਆਂ ਨੇ ਕੀਤਾ ਏ ਤਬਾਹ
ਚੀਨੀ ਵਾਲਾ ਦੂਰ ਵਸੇ..............

ਵੇਖਿਆਂ ਨਹੀ ਹੋਣਾ ਵੇ ਤੂੰ ਮੇਰੇ ਮਹਿਬੂਬ ਨੂੰ
ਸੁਧ ਬੁਧ ਖੋਏਂਗਾ ਜੇ ਹੋਇਆ ਕਿਤੇ ਰੂ ਬ ਰੂ
ਲੱਖਾਂ ਕੀਤੇ ਉਹਦੇ ਨੈਣਾਂ ਨੇ ਤਬਾਹ
ਚੀਨੀ ਵਾਲਾ ਦੂਰ ਵਸੇ............

ਆ ਜਾਏ ਕਿਧਰੇ ਜੇ ਨੈਣਾਂ ਚ ਛੁਪਾ ਲਵਾਂ
ਜਾਣ ਨਾ ਦੇਵਾਂ ਮੁੜ ਜਿੰਦ ਹੀ ਮੁਕਾ ਲਵਾਂ
'ਜੀਤ' ਰਿਹਾ ਸਾਨੂੰ ਜੀਣ ਦਾ ਨਹੀ ਚਾਅ
ਚੀਨੀ ਵਾਲਾ ਦੂਰ ਵਸੇ........

ਬਦੱਲਾ ਵੇ ਐਵੇ ਕਾਹਨੂੰ ਰਿਮਝਿਮ ਲਾਈ ਏ
ਵੈਰੀਆਂ ਵੇ ਧੂਹ ਸਾਡੇ ਕਾਲਜੇ ਨੂੰ ਪਾਈ ਏ
ਸੁਣ ਦੁਖੀਆਂ ਦੀ ਤੂੰ ਇਥੋ ਜਾਹ
ਚੀਨੀ ਵਾਲਾ ਦੂਰ ਵਸੇ

ਕਿਥੇ ਡੇਰਾ ਲਾਇਆ

ਵੇ ਤੂੰ ਕਿਥੇ ਡੇਰਾ ਲਾਇਆ ਕਿਹੜਾ ਮਲਿਆ ਈ ਥਾਂ
ਲੋਕੀ ਤਾਨ੍ਹੇ ਮਾਰਦੇ ਨੇ ਚੀਨੀ ਵਾਲੇ ਤੇਰੇ ਨਾਂ

ਸਦੀਆਂ ਤੋਂ ਅਸੀ ਤੇਰਾ ਰਸਤਾ ਨਿਹਾਰਦੇ
ਕੋਈ ਮਿਲਦੀ ਨਾ ਸੂਹ ਖੋਜੀ ਲੱਭ ਲੱਭ ਹਾਰਦੇ
ਕੋਈ ਦਿਸਦੀ ਨਾ ਪੈੜ ਨਾ ਕੋਈ ਲੱਭਦਾ ਨਿਸ਼ਾਂ
ਵੇ ਤੂੰ ਕਿਥੇ..............

ਵੇਖਿਆਂ ਜੇ ਹੋਵੇ ਕਿਸੇ ਚੀਨੀ ਅਸਵਾਰ ਨੂੰ
ਕੋਈ ਤਾਂ ਸੁਨਾਹ ਦੇਵੇ ਮੇਰੇ ਦਾਤਾਰ ਨੂੰ
ਉਹਦੇ ਬਿਨ੍ਹਾਂ ਅੱਜ ਸੁੰਨੇ ਸ਼ਹਿਰ ਤੇ ਗਰਾਂ
ਵੇ ਤੂੰ ਕਿਥੇ.............

ਵੇ ਤੂੰ ਹੋ ਗਇਓਂ ਕਿਨਾਰੇ ਲਾ ਕੇ ਪਿਆਰ ਦੇ ਪਲੀਤੇ
ਸਾਡਾ ਇਕ ਇਕ ਪੱਲ ਇਕ ਜੁਗ ਵਾਂਗ ਬੀਤੇ
ਤੇਰੇ ਨੈਣਾਂ ਦਾ ਨਜ਼ਰਾ ਵੇ ਮੈ ਕੀਕਣ ਭੁਲਾਂ
ਵੇ ਤੂੰ ਕਿਥੇ..........

ਮੇਰੇ ਚੀਨੀ ਅਸਵਾਰ ਮੇਰੀ ਸੁਣ ਫਰਿਆਦ
ਤੇਰੇ ਨਾਮ ਦੀ ਦੁਹਾਈ ਆ ਕੇ ਦੇਹ ਤੂੰ ਦੀਦਾਰ
ਕਦੋਂ ਹੋਵੇਗੀ ਨਸੀਬ ਠੰਡੀ ਬੋਹੜਾ ਵਾਲੀ ਛਾਂ
ਵੇ ਤੂੰ ਕਿਥੇ.................

ਇਕੋ ਰੱਟ ਲੱਗੀ ਹੋਈ ਚੀਨੀ ਵਾਲੇ ਨਾਮ ਦੀ
ਬਣ ਗਈ ਹਾਂ ਭੀਲਣੀ ਅੱਜ ਮੇਰੇ ਰਾਮ ਦੀ
ਵਿਛੋੜੇ ਵਾਲੇ ਪੈਂਧ 'ਜੀਤ' ਕਿੰਸ ਤਰ੍ਹਾ ਮੁਕਾਂ
ਵੇ ਤੂੰ ਕਿਥੇ...........

ਵੇ ਤੂੰ ਕਿਥੇ ਡੇਰਾ ਲਾਇਆ ਕੇਹੜਾ ਮਲਿਆ ਈ ਥਾਂ
ਲੋਕੀ ਤਾਨੇ ਮਾਰਦੇ ਨੇ ਚੀਨੀ ਵਾਲੇ ਤੇਰੇ ਨਾਂ

ਦੋ ਨੈਣ ਗਏ ਸਾਡੇ ਹਾਰ

ਚੀਨੀ ਵਾਲੇ ਪਾਤਸ਼ਾਹ ਤੂੰ ਇਕ ਵਾਰੀ ਫੇਰਾ ਮਾਰ ਵੇ
ਤੱਕ ਤੱਕ ਰਾਵ੍ਹਾਂ ਤੇਰੀਆਂ ਦੋ ਨੈਣ ਗਏ ਸਾਡੇ ਹਾਰ ਵੇ

ਯਾਦਾਂ ਦੀ ਕਬਰ ਦੀਵਾ ਉਮਰਾਂ ਦਾ ਬਾਲ ਕੇ
ਬੈਠੇ ਹਾਂ ਉਡੀਕਾਂ ਵਿਚ ਗਮ ਨੂੰ ਸੰਭਾਲ ਕੇ
ਸਾਡਾ ਹੋਇਆ ਮੰਦੜਾ ਹਾਲ ਵੇ
ਤੇਰੀ ਦੂਰੀ ਗਈ ਸਾਨੂੰ ਮਾਰ ਵੇ
ਤੱਕ ਤੱਕ ਰਾਵ੍ਹਾਂ ਤੇਰੀਆਂ.........

ਤੱੜਫਦੀਆਂ ਮਰ ਗਈਆਂ ਰੂਹਾਂ ਕਈ ਪਿਆਸੀਆਂ
ਸੰਗਤਾਂ ਦੇ ਦਿਲ ਵਿਚ ਰਹਿੰਦੀਆਂ ਉਦਾਸੀਆਂ
ਸਾਡੇ ਦਿਲ ਵਿਚ ਉਠਣ ਉਬਾਲ ਵੇ
ਸਾਡੀ ਵੱਜਦੀ ਤੇਰੇ ਵਿਚ ਤਾਰ ਵੇ
ਤੱਕ ਤੱਕ ਰਾਵ੍ਹਾਂ ਤੇਰੀਆਂ...........

ਪਲਕਾਂ ਦੇ ਥੱਲੇ ਸਾਡੇ ਹੰਝੂਆਂ ਦਾ ਡੇਰਾ ਵੇ
ਹੰਝੂਆਂ ਦੇ ਸਾਗਰਾਂ ਚੋਂ ਦਿਖੇ ਮੁਖ ਤੇਰਾ ਵੇ
'ਜੀਤ' ਰੋ ਰੋ ਹੋਈ ਨਿਵਾਲ ਵੇ
ਕਦੀ ਸਾਡੀ ਵੀ ਲੈ ਸਾਰ ਵੇ
ਤੱਕ ਤੱਕ ਰਾਵ੍ਹਾਂ ਤੇਰੀਆਂ..........

ਚੀਨੀ ਵਾਲੇ ਪਾਤਸ਼ਾਹ ਤੂੰ ਇਕ ਵਾਰੀ ਫੇਰਾ ਮਾਰ ਵੇ
ਤੱਕ ਤੱਕ ਰਾਵ੍ਹਾਂ ਤੇਰੀਆਂ ਦੋ ਨੈਣ ਗਏ ਸਾਡੇ ਹਾਰ ਵੇ

ਮੋੜੇਂਗਾ ਮੁਹਾਰਾਂ ਕਦੋਂ

ਮੋੜੇਂਗਾ ਮੁਹਾਰਾਂ ਕਦੋਂ ਚੀਨੀ ਘੋੜੀ ਵਾਲਿਆਂ
ਸਾਡੀ ਵੀ ਲੈ ਸਾਰ ਸਾਰੇ ਜੱਗ ਰਖਵਾਲਿਆ

ਘਰ ਘਰ ਲੋਕੀ ਅੱਜ ਖੇਡ ਦੇ ਨੇ ਹੋਲੀਆਂ
ਤਾਨੇ ਮੇਣੇ ਮਾਰਦਾ ਏ ਜਗ ਸਾਨੂੰ ਬੋਲੀਆਂ
ਕਿਥੇ ਤੇਰਾ ਚੀਨੀ ਵਾਲਾ ਜਾ ਕੇ ਬੁਲਾ ਲਿਆ
ਸਾਡੀ ਵੀ ਲੈ ਸਾਰ ਸਾਰੇ ਜੱਗ ਰਖਵਾਲਿਆ

ਦਰਦਾਂ ਵਾਲੇ ਮਿਲ ਕੇ ਤਾਂ ਦਰਦ ਵੰਡਾਂਵਦੇ
ਤੇਰੇ ਜਹੇ ਬੇ-ਪ੍ਰਵਾਹ ਪਿਆਰ ਨੂੰ ਕੀ ਜਾਣਦੇ
ਕਦੋਂ ਪਿਘਲੇਂਗਾ ਵੇ ਪਥੱਰ ਦਿਲ ਵਾਲਿਆ
ਸਾਡੀ ਵੀ ਲੈ ਸਾਰ ਸਾਰੇ ਜੱਗ ਰਖਵਾਲਿਆਂ

ਤੇਰੀਆਂ ਉਡੀਕਾਂ ਵਿਚ ਉਮਰਾਂ ਨੇ ਬੀਤੀਆਂ
ਕਿਵੇਂ ਭੁਲ ਗਇਓ ਗਲਾਂ ਜਾਂਦੇ ਹੋਏ ਕੀਤੀਆਂ
ਪਰਸੋਂ ਦੇ ਵਾਇਦੇ ਸਾਡੀ ਜਿੰਦੜੀ ਨੂੰ ਖਾ ਲਿਆ
ਸਾਡੀ ਵੀ ਲੈ ਸਾਰ ਸਾਰੇ ਜਗ ਦੇ ਰਖਵਾਲਿਆਂ

ਤੇਰੇ ਪਿਛੇ ਰੋਗ ਅਸਾਂ ਜ਼ਿੰਦਗੀ ਨੂੰ ਲਾ ਲਿਆ
ਤੈਨੂੰ ਤੇ ਨਹੋਰਾ ਵੇ ਮੈਂ ਕਦੇ ਵੀ ਨਹੀਂ ਮਾਰਿਆ
ਗੁੜਾ ਪਾ ਕੇ ਪਿਆਰ 'ਜੀਤ' ਜੋਬਨ ਹੀ ਗਾਲਿਆ
ਸਾਡੀ ਵੀ ਲੈ ਸਾਰੇ ਜੱਗ ਰਖ ਵਾਲਿਆਂ

ਮੋੜੇਗਾ ਮੁਹਾਰਾਂ ਕਦੋ ਚੀਨੀ ਘੋੜੀ ਵਾਲਿਆਂ
ਸਾਡੀ ਵੀ ਲੈ ਸਾਰ ਸਾਰੇ ਜੱਗ ਰਖਵਾਲਿਆ

ਠੰਢੀਓ ਹਵਾਓ ਨੀ

ਠੰਢੀਓ ਹਵਾਓ ਚੀਨੀ ਵਾਲੇ ਕੋਲ ਜਾਓ ਨੀ
ਜੋ ਵੀ ਡਿਠਾ ਹਾਲ ਜਾ ਕੇ ਉਸ ਨੂੰ ਸੁਣਾਓ ਨੀ

ਪੈਲਾਂ ਪਾਉਂਦੀ ਆਵੇਂ ਨਾ ਜਰਾ ਤੂੰ ਸਾਨੂੰ ਭਾਂਵਦੀ
ਲੱਗੀ ਹੋਈ ਅੱਗ ਨੂੰ ਤੂੰ ਹੋਰ ਭੜਕਾਂਵਦੀ
ਸਾਵਣ ਦੀ ਛਮ ਛਮ ਉਥੇ ਜਾ ਲਗਾਓ ਨੀ
ਜੋ ਵੀ ਡਿਠਾ ਹਾਲ ਜਾਕੇ ਉਸ ਨੂੰ ਸੁਣਾਓ ਨੀ

ਆਖਣਾ ਕੇ ਤੇਰੇ ਬਿਨਾਂ ਜੀਣਾ ਹੈ ਮੁਹਾਲ ਵੇ
ਹੈ ਵਸ ਤੇਰੀ ਇਕ ਨਜ਼ਰ ਦਾ ਸਵਾਲ ਵੇ
ਉਸ ਨਿਰਮੋਹੀ ਨੂੰ ਜਾ ਕੁਝ ਸਮਝਾਓ ਨੀ
ਜੋ ਵੀ ਡਿਠਾ ਹਾਲ ਜਾ ਕੇ ਉਸ ਨੂੰ ਸੁਣਾਓ ਨੀ

ਸੜੇ ਜਿੰਦ ਬਿਰਹਾ 'ਚ ਨਾ ਤੇਰੀ ਸੀਤ ਲਹਿਰ ਠਾਰੇ ਨੀ
ਦਿਨੇ ਰਾਤੀ ਸੀਨੇ ਵਿਚ ਭੱਖਣ ਅੰਗਿਆਰੇ ਨੀ
ਕੋਈ ਤਾਂ ਸੁਨੇਹੜਾ ਚੀਨੀ ਵਾਲੇ ਦਾ ਲਿਆਓ ਨੀ
ਜੋ ਵੀ ਡਿਠਾ ਹਾਲ ਜਾ ਕੇ ਉਸ ਨੂੰ ਸੁਣਾਓਨੀ

ਨੀ ਜਿਹੜਾ ਉਹਦੇ ਨੈਣਾਂ ਮਸਤਾਨਿਆਂ 'ਚ ਖੋ ਗਿਆ
'ਜੀਤ' ਛੱਡ ਕੇ ਜ਼ਮਾਨਾ ਦੀਵਾਨਾ ਉਹਦਾ ਹੋ ਗਿਆ
ਵੇਖਾਂ ਤੇਰੀ ਮਸਤੀ ਜਾ ਉਹਨੂੰ ਭਰਮਾਓ ਨੀ
ਜੋ ਵੀ ਡਿਠਾ ਹਾਲ ਜਾ ਕੇ ਉਸ ਨੂੰ ਸੁਣਾਓ ਨੀ

ਠੰਢੀਓ ਹਵਾਓ ਚੀਨੀ ਵਾਲੇ ਕੋਲ ਜਾਓ ਨੀ
ਜੋ ਵੀ ਡਿਠਾ ਹਾਲ ਜਾ ਕੇ ਉਸ ਨੂੰ ਸੁਣਾਓ ਨੀ

ਚਿੱਠੀਆਂ ਕਿਧਰ ਨੂੰ ਪਾਵਾਂ

ਚੀਨੀ ਵਾਲਾ ਦੱਸ ਨਾ ਗਿਆ ਮੈਂ ਚਿੱਠੀਆਂ ਕਿਧਰ ਨੂੰ ਪਾਵਾਂ
ਉਮਰਾਂ ਬੀਤ ਗਈਆ ਨੀ ਮੈਂ ਉਸ ਦਾ ਦੀਦਾਰ ਕਦੋਂ ਪਾਵਾਂ

ਕਰਦਾ ਉਹ ਮਨ ਆਈਆਂ ਨਾ ਪੀੜ ਜਿਗਰ ਦੀ ਜਾਣੇ
ਬ੍ਰਿਹਾ ਦੇ ਵਿਚ ਜਿੰਦ ਭੁੱਜਦੀ ਏ ਜਿਉਂ ਭੱਠੀ ਵਿਚ ਦਾਣੇ
ਦਿਨੇ ਰਾਤ ਅਰਜੋਈਆਂ ਕਰਦੀ ਕਿਧਰੇ ਮਰ ਨਾ ਜਾਂਵਾ
ਉਮਰਾਂ ਬੀਤ ਗਈਆਂ..............

ਕੋਈ ਤਾਂ ਸੁਨੇਹੜਾ ਉਹਨੂੰ ਦੇਵੇ ਮੇਰਾ ਜਾ ਕੇ
ਛੱਡ ਗਿਆ ਜਿਹੜਾ ਜਿੰਦ ਦੁਖਾਂ ਵਿਚ ਪਾ ਕੇ
ਅਠੇ ਪਹਿਰ ਉਹਦੀ ਯਾਦ 'ਚ ਲੰਘਾਵਾਂ
ਉਮਰਾਂ ਬੀਤ ਗਈਆਂ..............

ਅੱਖੀਆਂ ਨੇ ਝੱੜੀ ਅੱਜ ਹੰਝੂਆਂ ਦੀ ਲਾਈ ਏ
ਨਿਰਮੋਹੀ ਦੀ ਪ੍ਰੀਤ ਸਾਡੀ ਜਿੰਦ ਤੜਪਾਈ ਏ
ਰਹਿਣ ਚੜ੍ਹੀਆਂ ਇਹ ਕਾਲੀਆਂ ਘਟਾਵਾਂ
ਉਮਰਾਂ ਬੀਤ ਗਈਆਂ..............

ਉਮਰਾਂ ਦੇ ਲੰਮੇ ਪੈਂਡੇ ਆਸ ਤੇ ਗੁਜ਼ਾਰ ਲਏ
ਦੁਨੀਆਂ ਦੇ ਮਿਣੇ ਤਾਨੇ ਹੱਸ ਕੇ ਸਹਾਰ ਲਏ
ਕਿਵੇਂ ਪਰਸੋਂ ਦਾ ਵਾਅਦਾ ਭੁਲ ਜਾਵਾਂ
ਉਮਰਾਂ ਬੀਤ ਗਈਆਂ..............

ਆਸਾਂ ਦੀਆਂ ਡੋਰਾਂ ਤੇ ਸਧਰਾਂ ਨੇ ਸੁਕ ਰਹੀਆਂ
ਸਾਹਾਂ ਦੀਆਂ ਤੰਦਾਂ ਵੀ ਨੇ ਹੱਥਾਂ ਵਿਚੋਂ ਖੁਸ ਰਹੀਆਂ
ਪਤਾ ਲਗੇ ਕਿਤੇ ਜਾ ਰੁਸੜਾ ਮਨਾਵਾਂ
ਉਮਰਾਂ ਬੀਤ ਗਈਆਂ..............

ਨਿੱਤ ਮੈਂ ਉਡੀਕਾਂ ਉਹਦੇ ਆਣ ਦੀ ਤਰੀਕ ਨੀ
ਕਦੋਂ ਫੇਰਾ ਪਾਵੇਂਗਾ ਉਹ ਮੇਰਾ ਮਨਮੀਤ ਨੀ
ਜੀਤ, ਰਾਵ੍ਹਾਂ ਵਿਚ ਨੈਣ ਮੈਂ ਵਿਛਾਵਾਂ
ਉਮਰਾਂ ਬੀਤ ਗਈਆਂ..............

ਆ ਜਾ ਸਾਡੇ ਕੋਲ

ਆ ਜਾ ਸਾਡੇ ਕੋਲ ਆ ਜਾ ਆ ਚੀਨੀ ਵਾਲਿਆਂ
ਤੈਥੋਂ ਦੂਰ ਰਹਿ ਕੇ ਜਾਏ ਪਲ ਨ ਗੁਜਾਰਿਆਂ

ਪ੍ਰੀਤਮਾਂ ਵੇ ਆਸ ਵਾਲੀ ਡੋਰ ਟੁਟ ਜਾਏ ਨਾ
ਔਸੀਆਂ ਉਲੀਕਦਿਆਂ ਜਿੰਦ ਮੁਕ ਜਾਏ ਨਾ
ਬ੍ਰਿਹਾ ਦੀ ਅੱਗ ਸਾਡਾ ਤਨ ਮਨ ਜਾਰਿਆ
ਤੈਥੋਂ ਦੂਰ ਰਹਿ ਕੇ....................

ਅੱਖੀਆਂ ਦੇ ਨੂਰ ਸਾਡੀ ਅੱਖੀਆਂ ਤੋਂ ਦੂਰ ਵੇ
ਦਿਲ ਦੇ ਸਰੂਰ ਕੋਹਿਤੂਰਾਂ ਦੇ ਕੋਹਿਤੂਰ ਵੇ
ਫੁਟਿਆ ਜ਼ਮਾਨਾ ਜਦੋਂ ਤੈਨੂੰ ਦਿਲ 'ਚ ਧਾਰਿਆ
ਤੈਥੋਂ ਦੂਰ ਰਹਿ ਕੇ....................

ਉਮਰਾਂ ਦੇ ਲੰਮੇ ਪੈਂਡੇ ਰਾਵਾਂ ਅਨਜਾਣੀਆਂ
ਗਮਾਂ ਦੀਆਂ ਰਾਤਾਂ ਤੇ ਦਰਦ ਕਹਾਣੀਆਂ
ਕਿਸੇ ਨਾ ਹੁੰਗਾਰਾ ਦਿਤਾ ਨਾ ਕਿਸੇ ਪੁਚਕਾਰਿਆਂ
ਤੈਥੋਂ ਦੂਰ ਰਹਿ ਕੇ....................

ਦੂਰੀ ਤੇਰੀ ਸਾਡੀ ਕੋਲੋਂ ਸਹੀ ਵੀ ਨਾ ਜਾਂਦੀ ਵੇ
ਮਿਲਣੇ ਦੀ ਸਿਕ ਧੂਹ ਕਾਲਜੇ ਨੂੰ ਪਾਂਦੀ ਵੇ
'ਜੀਤ' ਵਿਛੋੜਾ ਤੇਰਾ ਜਾਏ ਨਾ ਸਹਾਰਿਆ
ਤੈਥੋਂ ਦੂਰ ਰਹਿ ਕੇ....................

ਆ ਜਾ ਸਾਡੇ ਕੋਲ ਆ ਜਾ ਆ ਚੀਨੀ ਵਾਲਿਆਂ
ਤੈਥੋਂ ਦੂਰ ਰਹਿ ਕੇ ਜਾਏ ਪਲ ਨਾ ਸਹਾਰਿਆ

ਚੀਨੀ ਵਾਲਾ ਛੱਡ ਟੁਰਿਆ

ਚੀਨੀ ਵਾਲਾ ਛੱਡ ਟੁਰਿਆ ਸੰਗਤ ਪਈ ਕੁਰਲਾਵੇ
ਨਾ ਜਿੰਦ ਉਹਦੇ ਬਿਨਾਂ ਬਚਦੀ ਹੈ ਕੌਣ ਜੋ ਉਹਨੂੰ ਸਮਝਾਵੇ

ਉਹ ਜਿਵੇਂ ਜਿਵੇਂ ਸਾਡੇ ਕੋਲ ਦੂਰ ਹੋਈ ਜਾਂਦਾ ਏ
ਲੱਗਦਾ ਕੋਈ ਅੱਖੀਆਂ ਦਾ ਨੂਰ ਖੋਹੀ ਜਾਂਦਾ ਏ
ਉਹਦਾ ਜਾਣਾ ਨਾ ਸੰਗਤ ਸਹਿ ਪਾਵੇ, ਨਾ ਜਿੰਦ ਉਹਦੇ..........

ਵਿੰਹਦਿਆਂ ਹੀ ਵਿੰਹਦਿਆਂ ਉਹ ਅੱਖੋ ਉਹਲੇ ਹੋ ਗਿਆ
ਸਾਨੂੰ ਕਰ ਕੇ ਬੇ-ਗਾਨਾ ਪਤਾ ਨਹੀ ਕਿਥੇ ਖੋ ਗਿਆ
ਅੱਜ ਕੌਣ ਗਲੇ ਨਾਲ ਲਾਵੇ, ਨਾ ਜਿੰਦ ਉਹਦੇ..........

ਉਹਦੀਆਂ ਯਾਦਾਂ ਦੇ ਵਹਿਣਾਂ ਚ ਅੱਜ ਵਹਿਣਾ ਏ
ਹਝੂੰਆ ਦਾ ਸਾਥ ਜ਼ਿੰਦਗੀ ਦੇ ਨਾਲ ਰਹਿਣਾ ਏ
ਕਦੋਂ ਕਿਰਨ ਨਜ਼ਰ ਉਹਦੀ ਆਵੇ, ਨਾ ਜਿੰਦ ਉਹਦੇ..........

ਚੀਨੀ ਵਾਲੇ ਜ਼ਿੰਦ ਸਾਡੀ ਦੁਖਾਂ ਦੇ ਵਿਚ ਰੋਲਦੀ
ਹੋਈਆਂ ਦੀਵਾਨੀ ਉਹਨੂੰ ਗਲੀ ਗਲੀ ਟੋਲਦੀ
ਹੈ ਕੋਣ ਉਹਨੂੰ ਮੋੜ ਲਿਆਵੇ, ਨਾ ਜਿੰਦ ਉਹਦੇ..........

ਨਜ਼ਰ ਨਾ ਆਵੇ ਜਿਹੜਾ ਕਲ ਸਾਡੇ ਕੋਲ ਜੀ
ਕੋਈ ਵੀ ਨਾ ਸੁਣੇ ਦੁਖ ਬੈਠ 'ਜੀਤ' ਕੋਲ ਜੀ
ਮਰ ਜਾਵਾਂ ਨਾ ਉਸ ਦੇ ਹਾਵੇ, ਨਾ ਜਿੰਦ ਉਹਦੇ..........

ਚੀਨੀ ਵਾਲਾ ਛੱਡ ਟੁਰਿਆ ਸੰਗਤ ਪਈ ਕੁਰਲਾਵੇ
ਨਾ ਜਿੰਦ ਉਹਦੇ ਬਿਨਾਂ ਬਚਦੀ ਹੈ ਕੋਣ ਜੋ ਉਹਨੂੰ ਸਮਝਾਵੇ

ਇਕ ਘੁਟ ਦੀਦ ਦਾ ਪਿਆਲ

ਚੀਨੀ ਘੋੜੀ ਵਾਲਿਆ ਪ੍ਰਦੇਸਾਂ ਚ ਵਸੇਦਿਆ ਵੇ
ਕਰੀਂ ਕਿਤੇ ਆਉਣ ਦਾ ਖਿਆਲ
ਲੱਗੀ ਹੋਈ ਤੇਹ ਮੇਰੇ ਦੀਦਿਆ ਨੂੰ ਦੀਦ ਦੀ ਵੇ
ਇਕ ਘੁਟ ਦੀਦ ਦਾ ਪਿਆਲ

ਬਦੱਲਾਂ ਦੇ ਵਾਂਗ ਰੋਣ ਛਮ ਛਮ ਨੈਣ ਮੇਰੇ
ਕੋਈ ਨਾ ਧਰਾਏ ਇਹਨੂੰ ਧੀਰ ਵੇ
ਉਡੀਕ ਦਿਆਂ ਤੈਨੂੰ ਗੁਰੂ ਹਰੀ ਪ੍ਰਤਾਪ ਟੁਰੇ
ਹੋਈ ਬੈਠੀ ਮੈਂ ਵੀ ਦਿਲਗੀਰ ਵੇ
ਜੁਗਾਂ ਤੋਂ ਵਿਛੁਨਿਆਂ ਤੇ ਮਿਹਰਾਂ ਕਰ ਦਾਤਿਆ ਵੇ
ਦੇ ਕੇ ਦਰਸ਼ਨ ਕਰਦੇ ਨਿਹਾਲ,
ਕਰੀਂ ਕਿਤੇ ਆਉਣ ਦਾ..................

ਆਈ ਏ ਬਹਾਰ ਕਲੀ ਕਲੀ ਫੁੱਲ ਟਹਿਕਦੇ ਨੇ
ਚਾਰੇ ਪਾਸੇ ਖਿੜੀ ਗੁਲਜ਼ਾਰ ਵੇ
ਮਸਤੀ ਚ, ਝੂਮ ਦੇ ਨੇ ਸਾਰੇ ਹੀ ਨਜ਼ਾਰੇ ਅੱਜ
ਅੱਖੀਆਂ ਨੂੰ ਤੇਰਾ ਇੰਤਜ਼ਾਰ ਵੇ
ਕਾਹਦੀ ਏ ਬਸੰਤ ਸਾਨੂੰ ਨਜ਼ਰ ਨਾ ਆਵੇ ਕੰਤ
ਬੁਲ੍ਹਾਂ ਉਤੇ ਇਹੀਉ ਹੈ ਸਵਾਲ,
ਕਰੀਂ ਕਿਤੇ ਆਉਣ ਦਾ..................

ਕਾਹਨੂੰ ਚੀਨੀ ਵਾਲਿਆ ਨਿਹੁੰ ਤੇਰੇ ਨਾਲ ਲਾਇਆਂ
ਰਾਤੀ ਉਠ ਉਠ ਨੈਣ ਭੁਬਾਂ ਮਾਰਦੇ
ਸੁਣੀ ਮੇਰਾ ਵਾਸਤਾ 'ਜੀਤ' ਨੂੰ ਅਨਾਥ ਜਾਣ
ਛਤੀ ਨਾਲ ਛਾਤੀ ਲਾ ਕੇ ਸੀਨਾ ਸਾਡਾ ਠਾਰ ਦੇ
ਕਿਹੜੀ ਗਲੋਂ ਸਾਡੇ ਨਾਲ ਹੋ ਗਇਉ ਬੇ-ਗਾਨਾ ਵੇ
ਸਾਡੇ ਦਿਲ ਵਿਚ ਉਠਦੇ ਉਬਾਲ,
ਕਰੀਂ ਕਿਤੇ ਆਉਣ ਦਾ..................

ਚੀਨੀ ਘੋੜੀ ਵਾਲਿਆਂ ਪ੍ਰਦੇਸਾਂ ਚ ਵਸੇਦਿਆ ਵੇ
ਕਰੀਂ ਕਿਤੇ ਆਉਣ ਦਾ ਖਿਆਲ
ਲੱਗੀ ਹੋਈ ਤੇਹ ਮੇਰੇ ਦੀਦਿਆ ਨੂੰ ਦੀਦ ਦੀ ਵੇ
ਇਕ ਘੁਟ ਦੀਦ ਦਾ ਪਿਆਲ

ਆ ਚੀਨੀ ਵਾਲੇ

ਆ ਚੀਨੀ ਵਾਲੇ ਤੈਨੂੰ ਵਾਸਤਾ ਈ ਆ ਵੇ
ਆ ਕੇ ਤੂੰ ਫੇਰ ਕਦੀ ਮੁੜ ਕੇ ਨਾ ਜਾ ਵੇ

ਖਾਲੀ ਖਾਲੀ ਜ਼ਿੰਦਗੀ ਜਹਾਨ ਖਾਲੀ ਹੋ ਗਿਆ
ਹਝੂੰਆਂ ਦੇ ਰਾਹੀ ਖ਼ੂਨ ਜਿਗਰ ਦਾ ਚੋ ਗਿਆ
ਮਿਹਰ ਕਰ ਦਾਤਿਆ ਨਾ ਹੋਰ ਅਜ਼ਮਾ ਵੇ
ਆ ਕੇ ਤੂੰ ਫੇਰ ਕਦੀ..............

ਯੋਗਣਾਂ ਨੇ ਰਾਤਾਂ ਸਾਡੇ ਦਿਨ ਵਣਜਾਰੇ ਵੇ
ਵੱਡ ਵੱਡ ਖਾਂਦੇ ਬ੍ਰਿਹਾਂ ਦੇ ਨਾਗ ਕਾਲੇ ਵੇ
ਕੋਈ ਵੀ ਤਾਂ ਖਬਰ ਨ ਦੇਵੇ ਤੇਰੀ ਆ ਵੇ
ਆ ਕੇ ਤੂੰ ਫੇਰ ਕਦੀ..............

ਜੋ ਦਰਦ ਦੇ ਗਿਆਂ ਏਂ ਉਸ ਦੀ ਦਵਾ ਵੀ ਦੇਹ
ਰੋ ਰੋ ਕੇ ਕਹਿ ਰਿਹਾ ਦਿਲ ਐਨੀ ਸਜਾ ਨ ਦੇਹ
ਗਮਾਂ ਵਿਚ ਡੁਬਿਆਂ ਨੂੰ ਪਾਰ ਲਗਾ ਵੇ
ਆ ਕੇ ਤੂੰ ਫੇਰ ਕਦੀ...............

ਸਧਰਾਂ ਉਮੀਦਾਂ ਨੇ ਵੀ ਦਮ ਅੱਜ ਤੋੜਿਆ
ਉਸ ਨਿਰਮੋਹੀ ਨੇ ਨਾ ਮੁੜ ਮੁੱਖ ਮੋੜਿਆ
ਲੁਟਿਆ ਜਹਾਨ 'ਜੀਤ' ਆ ਕੇ ਵਸਾ ਵੇ
ਆ ਕੇ ਤੂੰ ਫੇਰ ਕਦੀ..............

ਆ ਚੀਨੀ ਵਾਲੇ ਤੈਨੂੰ ਵਾਸਤਾ ਈ ਆ ਵੇ
ਆ ਕੇ ਤੂੰ ਫੇਰ ਕਦੀ ਮੁੜ ਕੇ ਨਾ ਜਾ ਵੇ

ਨੈਣੀਂ ਨੀਂਦ ਨਾ ਪਵੇ

ਚੀਨੀ ਵਾਲਾ ਗਿਆ ਪ੍ਰਦੇਸ ਨੂੰ ਜਿੰਦ ਮੇਰੀ ਮੁਕਦੀ ਰਵੇ
ਆਸ ਪਲ ਛਿਨ ਰਹਿੰਦੀ ਉਹਦੇ ਆਣ ਦੀ ਨੈਣੀ ਸਾਨੂੰ ਨੀਂਦ ਨਾ ਪਵੇ
ਸਈਓ ਨੀ ਮੈਨੂੰ ਨੀਂਦ ਨਾ ਪਵੇ ਹਾਏ ਨੀ ਮੈਨੂੰ ਨੀਂਦ ਨਾ ਪਵੇ

ਐਸੀਆ ਪ੍ਰੇਮ ਦੀਆਂ ਲੱਗੀਆਂ ਕਟਾਰੀਆਂ
ਦਿਨੇ ਰਾਤੀ ਰੋਂਦੀਆਂ ਨੇ ਅੱਖੀਆਂ ਵਿਚਾਰੀਆ
ਮੇਰੇ ਧੂਹ ਕਾਲਜੇ ਨੂੰ ਪਵੇ
ਹਾਇ ਨੀ ਨੈਣੀ ਨੀਂਦ................

ਦਿਸਦੇ ਨਹੀ ਕਿਧਰੇ ਉਹ ਨੈਣ ਮਸਤਾਨੜੇ
ਲੱਖਾਂ ਲੋਕ ਹੋ ਗਏ ਸੀ ਜਿਸ ਦੇ ਦੀਵਾਨੜੇ
ਇਕ ਝਲਕ ਦਿਖਾਈ ਨਾ ਦਵੇ
ਹਾਇ ਨੀ ਨੈਣੀਂ ਨੀਂਦ................

ਜੁਗੜੇ ਨੇ ਬੀਤ ਗਏ ਪੀਆ ਦੇ ਦੀਦਾਰ ਨੂੰ
ਕੌਣ ਜਾ ਕੇ ਆਖੇ ਸੋਹਣੇ ਚੀਨੀ ਅਸਵਾਰ ਨੂੰ
ਪਰਸੋਂ ਦੇ ਲਾਰੇ ਕਿਉ ਦਵੇ
ਹਾਇ ਨੀ ਨੈਣੀ ਨੀਂਦ................

ਮਾਰਦੇ ਨੇ ਤਾਨ੍ਹੇ ਲੋਕੀ ਜਾਂਦੇ ਨਹੀਂ ਸਹਾਰੇ ਵੇ
ਦੇਹ ਦਰਸ਼ਨ ਗੁਰ ਚੀਨੀ ਵਾਲੇ ਦੁਖ ਮਿਟਾ ਦੇ ਸਾਰੇ ਵੇ
'ਜੀਤ' ਸੁਖ ਦੀ ਤਾਂ ਨੀਂਦਰ ਪਵੇ
ਹਾਇ ਨੀ ਨੈਣੀ ਨੀਂਦ................

ਚੀਨੀ ਵਾਲਾ ਗਿਆ ਪ੍ਰਦੇਸ ਨੂੰ ਜਿੰਦ ਮੇਰੀ ਮੁਕਦੀ ਰਵੇ
ਆਸ ਪਲ ਛਿਨ ਰਹਿੰਦੀ ਉਹਦੇ ਆਣ ਦੀ ਨੈਣੀ ਸਾਨੂੰ ਨੀਂਦ ਨਾ ਪਵੇ
ਸਈਓ ਨੀ ਮੈਨੂੰ ਨੀਂਦ ਨਾ ਪਵੇ ਹਾਏ ਨੀ ਮੈਨੂੰ ਨੀਂਦ ਨਾ ਪਵੇ

ਸੋਹਣਿਆਂ ਦੇ ਸੋਹਣੇ

ਸੋਹਣਿਆਂ ਦੇ ਸੋਹਣੇ ਸਤਿਗੁਰੂ ਰਾਮ ਸਿੰਘ ਜੀਓ
ਤੜਫਦੀਆਂ ਰੂਹਾਂ ਨੂੰ ਦੀਦਾਰ ਦੇ ਜਾ ਆਣ ਕੇ
ਮਨਾਣ ਤੇ ਰੀਝਾਣ ਵਾਲਾ ਸਾਨੂੰ ਕੋਈ ਢੰਗ ਵੀ ਨਾ
ਰਹਿਮ ਕਰ ਸਾਂਈਆਂ ਅਨਜਾਣ ਬੱਚੇ ਜਾਣ ਕੇ

ਸਦੀਆਂ ਨੇ ਬੀਤ ਗਈਆਂ ਵੇਖਿਆ ਨਹੀ ਮੁਖ ਤੇਰਾ
ਦੇ ਗਿਆ ਦਿਲਾਸਾ ਸੀ ਤੂੰ ਮੁੜ ਛੇਤੀ ਆਣ ਦਾ
ਪਰਤਿਆ ਨਾ ਮੁੜ ਪਿਛਾਂ ਵੇਖਿਆ ਨਾ ਇਕ ਵਾਰੀ
ਭੁਲ ਗਿਆ ਚੇਤਾ ਤੈਨੂੰ ਵਾਇਦੇ ਨਿਭਾਣ ਦਾ
ਸਾਨੂੰ ਕਰ ਕੇ ਸੌਦਾਈ ਨਾ ਤੂੰ ਬੱਣ ਹਰਜਾਈ
ਹਿਜਰਾਂ ਦੇ ਫੱਟਾਂ ਤੇ ਮਰ੍ਹਮ ਲਾ ਆਣ ਕੇ, ਸੋਹਣਿਆ.............

ਰੱਖਿਆ ਏ ਹਰੀ ਸਿੰਘ ਹਰਾ ਬੂਟਾ ਸਿੱਖੀ ਵਾਲਾ
ਨੈਣਾਂ ਦੇ ਸਾਗਰ ਭਾਂਵੇ ਰੋ ਰੋ ਲਏ ਗਾਲ ਵੇ
ਵੱਡ ਪ੍ਰਤਾਪੀ ਵੀ ਉਡੀਕ ਦਿਆਂ ਟੁਰ ਗਏ ਨੇ
ਬਿਰ੍ਹਾਂ ਦੇ ਮਾਰਿਆਂ ਦਾ ਤੱਕ ਆ ਕੇ ਹਾਲ ਵੇ
ਕਾਹਦੀਆਂ ਸਜਾਵਾਂ ਹੋ ਗਏ ਜੁਰਮ ਕਿਹੜੇ
ਚੁਪ ਵੱਟ ਬਹਿ ਗਿਆ ਕੋਈ ਗੱਲ ਕਰ ਆਣ ਕੇ, ਸੋਹਣਿਆ.............

ਸੁਣ ਕਾਮਲੀ ਦੇ ਸਾਂਈਆਂ ਤੇਰੀ ਜੀਤ, ਦੇ ਦੁਹਾਈਆਂ
ਮੱਛੀ ਵਾਂਗ ਤੜਫਾਇਆ ਕਿਥੇ ਜਾ ਕੇ ਡੇਰਾ ਲਾ ਲਿਆ
ਮਿਹਣੇ ਮਾਰੇ ਜੱਗ ਸਾਰਾ ਕਿਥੇ ਚੀਨੀ ਅਸਵਾਰਾ
ਝੂਠਾ ਦੇ ਗਿਆ ਜੋ ਲਾਰਾ ਜਾ ਕੇ ਉਸ ਨੂੰ ਬੁਲਾ ਲਿਆ
ਹੋ ਕੇ ਚੀਨੀ ਅਸਵਾਰ ਆ ਜਾ ਸੁਣ ਲੈ ਪੁਕਾਰ
ਲੱਭਿਆ ਏ ਤੈਨੂੰ ਕਈ ਜਨਮਾਂ ਨੂੰ ਛਾਣ ਕੇ, ਸੋਹਣਿਆ.............

ਸੋਹਣਿਆ ਦੇ ਸੋਹਣੇ ਸਤਿਗੁਰੂ ਰਾਮ ਸਿੰਘ ਜੀਓ
ਤੜਫਦੀਆਂ ਰੂਹਾਂ ਨੂੰ ਦੀਦਾਰ ਦੇ ਜਾ ਆਣ ਕੇ

ਚੀਨੀ ਘੋੜੀ ਵਾਲਿਆ

ਚੀਨੀ ਘੋੜੀ ਵਾਲਿਆ ਵੇ ਸੋਹਣੀ ਮਾਲਾ ਵਾਲਿਆ ਵੇ
ਇਕ ਵਾਰੀ ਆ ਜਾ
ਵਾਸਤੇ ਮੈਂ ਪਾਂਵਾਂ ਆ ਕੇ ਦਰਸ ਦਿਖਾ ਜਾ

ਤੱਕ ਤੱਕ ਰਾਂਵ੍ਹਾਂ ਸਾਡੇ ਥੱਕ ਗਏ ਨੇ ਨੈਣ ਵੇ
ਪਲ ਭਰ ਕਿਧਰੇ ਨਾ ਆਏ ਸਾਨੂੰ ਚੈਨ ਵੇ
ਕੀ ਨੇ ਮਜਬੂਰੀਆਂ ਸਾਨੂੰ ਵੀ ਸੁਣਾ ਜਾ
ਵਾਸਤੇ ਮੈਂ ਪਾਵਾਂ ਆ ਕੇ ਦਰਸ ਦਿਖਾ ਜਾ

ਉਡੀਕਾਂ ਵਿਚ ਪਲਕਾਂ ਦੇ ਨਾ ਬੂਹੇ ਕਦੇ ਢੁੱਪਦੇ
ਨੈਣਾਂ ਵਿਚੋਂ ਹੰਝੂ ਸਾਡੇ ਨਾ ਦਿਨੇ ਰਾਤ ਰੁਕਦੇ
ਭਿਖਿਆ ਦੇ ਦੀਦ ਵਾਲੀ ਝੋਲੀ ਵਿਚ ਪਾ ਜਾ
ਵਾਸਤੇ ਮੈਂ ਪਾਵਾਂ ਆ ਕੇ ਦਰਸ ਦਿਖਾ ਜਾ

ਕਮਲੀ ਨੂੰ ਸਾਂਈਆਂ ਆ ਕੇ ਗਲ ਨਾਲ ਲਾ ਲਵੋਂ
ਜੀਵਣ ਦੀ ਨਈਆਂ ਡੋਲੇ ਪਾਰ ਲੰਗਾ ਦਵੋਂ
ਵਿਗੜੀ ਬਨਾਣ ਵਾਲੇ ਬਿਗੜੀ ਬਣਾ ਜਾ
ਵਾਸਤੇ ਮੈਂ ਪਾਂਵਾਂ ਆ ਕੇ ਦਰਸ ਦਿਖਾ ਜਾ

ਆਉਂਦੇ ਜਾਂਦੇ ਸਾਹ ਨੂੰ ਉਡੀਕ ਬਸ ਤੇਰੀ ਏ
ਜੀਉਂਦੇ ਹਾਂ ਕੇ ਆਣ ਦੀ ਉਮੀਦ ਆਸ ਤੇਰੀ ਏ
ਰਿਸਦੇ ਜ਼ਖਮ 'ਜੀਤ' ਮਰ੍ਹਮ ਲਗਾ ਜਾ
ਵਾਸਤੇ ਮੈਂ ਪਾਂਵਾਂ ਆ ਕੇ ਦਰਸ ਦਿਖਾ ਜਾ

ਚੀਨੀ ਘੋੜੀ ਵਾਲਿਆ ਵੇ ਸੋਹਣੀ ਮਾਲਾ ਵਾਲਿਆ ਵੇ
ਇਕ ਵਾਰੀ ਆ ਜਾ
ਵਾਸਤੇ ਮੈਂ ਪਾਵਾਂ ਆ ਕੇ ਦਰਸ ਦਿਖਾ ਜਾ

ਢੂੰਡ ਥੱਕੇ

ਅਸੀ ਢੂੰਡ ਥੱਕੇ ਸਾਰੀ ਹੀ ਖੁਦਾਈ ਨਾ ਚੀਨੀ ਅਸਵਾਰ ਮਿਲਿਆ
ਅਸੀ ਲੱਭ ਲੱਭ ਹੋਏ ਹਾਂ ਸੋਦਾਈ ਨਹੀ ਉਸ ਦਾ ਦੀਦਾਰ ਮਿਲਿਆ

ਕਿਹੜਿਆਂ ਪਹਾੜਾਂ ਦੀਆਂ ਕੁੰਦਰਾਂ ਚ ਬਹਿ ਗਿਆ
ਆਣਾ ਨਹੀ ਸੀ ਮੁੜ ਕਾਹਨੂੰ ਆਣ ਦਾ ਉਹ ਕਹਿ ਗਿਆ
ਸਾਡੇ ਹਾਲ ਉਤੇ ਹੱਸਦੀ ਲੁਕਾਈ, ਨਹੀਂ ਉਸ ਦਾ ਦੀਦਾਰ...............

ਉਸ ਦੇ ਤਾਂ ਆਣ ਦੀ ਤਰੀਕ ਕਦੇ ਆਂਉਦੀ ਨਹੀ
ਖੌਰੇ ਉਹਨੂੰ ਯਾਦ ਸਾਡੀ ਕਦੇ ਵੀ ਸਤਾਂਉਦੀ ਨਹੀ
ਕਿਥੇ ਬੈਠਾ ਜਾ ਕੇ ਸੰਗਤ ਭੁਲਾਈ, ਨਹੀ ਉਸ ਦਾ ਦੀਦਾਰ...............

ਚੀਨੀ ਵਾਲਾ ਪਾਤਸ਼ਾਹ ਸੀ ਦਰਦੀ ਜਹਾਨ ਦਾ
ਕਰਾਂ ਵਿਖਿਆਨ ਕੀ ਮੈ ਉਹਦੇ ਗੁਣਗਾਣ ਦਾ
ਸਾਡੀ ਸੁਣਦਾ ਨਹੀ ਰਾਮ ਦੁਹਾਈ, ਨਹੀ ਉਸ ਦਾਂ ਦੀਦਾਰ...............

ਵਾਰੀ ਵਾਰੀ ਜਾਵਾਂ ਇਕ ਝਲਕ ਵਿਖਾ ਦੇਵੇ
ਤੜਫ ਦੀਆਂ ਰੂਹਾਂ ਨੂੰ ਕਿਨਾਰੇ ਕਿਤੇ ਲਾ ਦੇਵੇ
ਬੈਠੇ ਆਸ ਵਾਲਾ ਦੀਪ ਜਲਾਈ, ਨਹੀ ਉਸ ਦਾ ਦੀਦਾਰ...............

ਰੁੱਤ ਬਸੰਤੀ ਮੇਰੇ ਬਾਗੀ ਪਤਝੱੜ ਗਮ ਦੀ ਛਾਈ ਏ
ਮਾਸ ਹੱਡਾਂ ਨੋਚ ਕੇ ਖਾ ਗਿਆ ਮੇਰਾ ਹਿਜਰ ਕਸਾਈ ਏ
ਜੀਤ, ਸਜੱਣ ਮੇਰਾ ਹਰਜਾਈ, ਨਹੀ ਉਸ ਦਾ ਦੀਦਾਰ...............

ਅਸੀ ਢੂੰਡ ਥੱਕੇ ਸਾਰੀ ਹੀ ਖੁਦਾਈ ਨਾ ਚੀਨੀ ਅਸਵਾਰ ਮਿਲਿਆ
ਅਸੀ ਲੱਭ ਲੱਭ ਹੋਏ ਹਾਂ ਸੁਦਾਈ ਨਹੀ ਉਸ ਦਾ ਦੀਦਾਰ ਮਿਲਿਆ

ਮਾਹੀਆ

ਚੰਨ ਬਦਲਾਂ ਚ ਹੱਸਦਾ ਏ
ਪਤਾ ਸਾਨੂੰ ਲਗਿਆ ਨਹੀ ਕਿਥੇ ਚੀਨੀ ਵਾਲਾ ਵੱਸਦਾ ਏ

ਮੇਰੇ ਸੰਤ ਸਿਪਾਹੀ ਨੇ
ਪਿਛਾਂ ਮੁੜ ਵੇਖਿਆ ਹੀ ਨਹੀ ਰੱਬੀ ਨੂਰ ਇਲਾਹੀ ਨੇ

ਨਹੀ ਰੀਸਾਂ ਚੀਨੀ ਅਸਵਾਰ ਦੀਆਂ
ਕੱਲੇ ਨੇ ਹੀ ਪੱਟ ਸੁਟੀਆਂ ਜੜ੍ਹਾਂ ਗੋਰੀ ਸਰਕਾਰ ਦੀਆਂ

ਗਲ ਸਖੀਆਂ ਦੇ ਲੱਗ ਰੋਈ
ਉਸ ਨਿਰਮੋਹੀ ਨੇ ਨਾ ਸੁਣੀ ਫਰਿਆਦ ਕੋਈ

ਫੇਰਾ ਵਤਨਾਂ ਨੂੰ ਪਾ ਜਾਉ
ਭਾਰਤ ਆਜ਼ਾਦ ਹੋ ਗਿਆ ਇਕ ਝਲਕ ਤੇ ਪਾ ਜਾਓ

ਉਹਦੇ ਚਰਨਾਂ 'ਚ ਧਿਆਨ ਧਰਾਂ
ਗੱਡੇ ਉਤੇ ਬੈਠ ਟੁਰਿਆਂ ਕਿੰਝ ਹਾਲ ਉਹ ਬਿਆਨ ਕਰਾਂ

ਲੱਗੀ ਦਿਲ ਦੀ ਬੁਝਾ ਦੇਵੇ
ਸਤਿਗੁਰੂ ਚੀਨੀ ਵਾਲੇ ਦੀ ਕੋਈ ਖਬਰ ਲਿਆ ਦੇਵੇ

ਦਿਲ ਗਮਾਂ ਵਿਚ ਰੁੜ੍ਹ ਗਏ ਨੇ
ਤੜ੍ਹਪ ਦੇ ਦੀਦਾਰਾਂ ਨੂੰ ਕਈ ਦੁਨੀਆਂ ਟੁਰ ਗਏ ਨੇ

ਦਿਲ ਦੁਖਾਂ ਨਾਲ ਭਰ ਛੱਡਿਆਂ
ਜਾ ਪ੍ਰਦੇਸਾਂ ਵਿਚ ਬੇ-ਗਾਨਾ ਕਰ ਛੱਡਿਆ

ਕਦੋਂ ਮੋੜੇਗਾ ਮੁਹਾਰਾਂ ਵੇ
ਛਮ ਛਮ ਵਰਸ ਰਹੀਆਂ ਨੈਣਾਂ ਚੋਂ ਫੁਹਾਰਾਂ ਵੇ

ਹੰਝੂ ਨੈਣਾਂ ਚੋ ਵਰਸ ਰਹੇ
ਮੁਦਤਾਂ ਬੀਤ ਗਈਆਂ ਤੇਰੀ ਦੀਦ ਨੂੰ ਤਰਸ ਰਹੇ

ਕਾਲੀ ਕੰਬਲੀ ਲੈ ਟੁਰਿਆ
ਚੁਪ ਧਾਰ ਬਹਿ ਗਿਆ ਕਿਥੇ ਜੋ ਅੱਜ ਤੱਕ ਨਹੀਂ ਮੁੜਿਆ

ਕਦੋਂ ਦਰਸ਼ਨ ਪਾਵਾਂਗੇ
ਚਰਨਾਂ ਤੇ ਸਿਰ ਰੱਖ ਕੇ ਸਭ ਭੁਲਾਂ ਬਖਸ਼ਾਵਾਂਗੇ

ਕਿਹੜੇ ਰਾਹੀ ਪੈ ਗਏ ਹਾਂ
ਛੱਡ ਕੇ ਉਹ ਟੁਰ ਨੀ ਗਿਆ ਅਸੀ ਵਿਲਕਦੇ ਰਹਿ ਗਏ ਹਾਂ

ਕੁਝ ਉਸਰਦੀ ਬਣਦੀ ਨਹੀਂ
ਛੱਡ ਗਏ ਓ ਜਿਸ ਦਿਨ ਦੇ ਰਹੀ ਸੁਧ ਬੁਧ ਤਨ ਦੀ ਨਹੀਂ

ਕਦੋ ਵਤਨਾਂ ਨੂੰ ਆਉਗੇ

ਚੀਨੀ ਵਾਲੇ ਕਦੋਂ ਵਤਨਾਂ ਨੂੰ ਆਉਗੇ ਸੰਗਤਾਂ ਉਡੀਕ ਦੀਆਂ
ਕਦੋਂ ਦੁਨੀਆਂ ਦੇ ਦੁਖੜੇ ਮਿਟਾਉਂਗੇ ਸੰਗਤਾਂ ਉਡੀਕ ਦੀਆਂ

ਕਲਿਯੁਗ ਹਾਹਾ ਕਾਰ ਜੱਗ ਚ. ਮਚਾਈ ਏ
ਕਾਮ ਕ੍ਰੋਧ ਲੋਭ ਵਾਲੀ ਵੱਜ ਰਹੀ ਸ਼ਹਿਨਾਈ ਏ
ਕਦੋਂ ਆ ਕੇ ਇਹ ਦਾ ਖਾਤਮਾ ਕਰਾਉਗੇ
ਸੰਗਤਾਂ ਉਡੀਕ ਦੀਆਂ..............

ਬੋਲਦਾ ਪਪੀਹਾ ਕਿਤੇ ਪੀਓ ਪੀਓ ਕਰਦਾ
ਚੰਨ ਕੋਲੋ ਦੂਰ ਹੈ ਚਕੋਰ ਹਉਕੇ ਭਰਦਾ
ਕਦੋਂ ਬਿ੍ਹਾਂ ਦੀ ਭੱਠੀ ਨੂੰ ਬੁਝਾਉਗੇ
ਸੰਗਤਾਂ ਉਡੀਕ ਦੀਆਂ..............

ਨੈਣਾਂ ਦੇ ਇਹ ਕਾਸੇ ਤੇਰੀ ਦੀਦ ਦੇ ਪਿਆਸੇ ਵੇ
ਭਿਖਸ਼ਾ ਪਾ ਦੀਦ ਦੀ ਮੋੜ ਨਾ ਨਿਰਾਸੇ ਵੇ
ਕਦੋਂ ਆ ਕੇ ਪੀਆ ਗਲ ਨਾਲ ਲਾਓਗੇ
ਸੰਗਤਾਂ ਉਡੀਕ ਦੀਆਂ..............

ਤੇਰੇ ਆਉਂਣ ਦੀਆਂ ਜੱਗ ਕਰਦਾ ਕਹਾਣੀਆਂ
ਰੱਖ ਸਾਡੀ ਲਾਜ ਸਤਿਗੁਰੂ ਜਾਣੀ ਜਾਣੀਆਂ
ਕਦੋਂ ਭਰਮਾਂ ਦੇ ਪਰਦੇ ਉਠਾਉਂਗੇ
ਸੰਗਤਾਂ ਉਡੀਕ ਦੀਆਂ..............

ਕਿਥੇ ਜਾ ਕੇ ਬੈਠਾ ਕਰ ਸਾਡਾ ਵੀ ਖਿਆਲ ਵੇ
ਬੂਟਾ ਜੋ ਤੂੰ ਲਾਇਆ ਅੱਜ ਖਿੜੀਆ ਗੁਲਾਬ ਵੇ
ਨੂਰੀ ਮੁਖ ਕਦੋਂ ਜੀਤ. ਨੂੰ ਦਿਖਾਉਗੇ
ਸੰਗਤਾਂ ਉਡੀਕ ਦੀਆਂ..............

ਚੀਨੀ ਵਾਲੇ ਕਦੋਂ ਵਤਨਾਂ ਨੂੰ ਆਉਗੇ ਸੰਗਤਾਂ ਉਡੀਕ ਦੀਆਂ
ਕਦੋਂ ਦੁਨੀਆਂ ਦੇ ਦੁਖੜੇ ਮਿਟਾਉਗੇ ਸੰਗਤਾਂ ਉਡੀਕ ਦੀਆਂ

ਮੇਰਾ ਜੀ ਕਰਦਾ

ਤਤ ਜਾਣੀ ਚੀਨੀ ਵਾਲੇ ਮੇਰਾ ਜੀ ਕਰਦਾ
ਕਦੀ ਮੈਂ ਸੋਚਨੀਆਂ
ਕਿਧਰੇ ਤੂੰ ਮਿਲ ਜਾਵੇ
ਤੈਨੂੰ ਇਕੱਲਾ ਬਿਠਾਲ ਕੇ
ਪੋਟਲੀ ਦਿਲ ਦੀ ਤੇਰੇ ਸਾਹਮਣੇ ਉਥੱਲ ਦਿਆਂ
ਮੇਰਾ ਜੀ ਕਰਦਾ

ਤੇ ਉਹ ਸਭ ਗੁਮਨਾਮ ਜਹੇ ਅਖੱਰ
ਅਜੇ ਤੱਕ ਜੋ ਮੈਂ ਦਿਲ ਵਿਚ ਸੰਭਾਲ ਰੱਖੇ ਨੇ
ਸਾਰੇ ਦੇ ਸਾਰੇ ਤੇਰੇ ਸਾਹਮਣੇ ਖਿਲਾਰ ਦਿਆਂ
ਮੇਰਾ ਜੀ ਕਰਦਾ

ਪਰ ਅਪਣਾ ਆਪ ਮੇਰਾ ਸਾਥ ਨਹੀ ਦੇਂਦਾ
ਮੇਰੀ ਰੂਹ ਮੇਰੀ ਸੋਚ ਤ੍ਰਿਹਾਈ ਏ
ਤੇਰੇ ਗਮ ਚ ਇਹ ਸੋਦਾਈ ਏ
ਤੈਨੂੰ ਭਾਲ ਸਕਾਂ ਤੈਨੂੰ ਹਾਲ ਸੁਣਾਵਾਂ
ਮੇਰਾ ਜੀ ਕਰਦਾ

ਜਿਵੇਂ ਤੂੰ ਛੱਡ ਟੁਰਿਆ ਅਜੇ ਤੱਕ ਨਾ ਮੁੜ੍ਹਿਆਂ
ਕਿਵੇਂ ਕਿਵੇਂ ਤੇਰੀ ਸੰਗਤ ਤੇ ਬੀਤੀ
ਕੀ ਕੀ ਸਿਤਮ ਸਹੇ ਤੇਰੀ ਆਸ ਤੇ ਰਹੇ
ਕਿਵੇਂ ਜੁਗੜੇ ਬੀਤੇ ਤੇਰਾ ਵੀ ਪੁਛਾਂ ਮੈਂ ਹਾਲ
ਮੇਰਾ ਜੀ ਕਰਦਾ

ਰੱਜ ਰੱਜ ਰੋ ਲਵਾਂ ਮੈਂ ਗਲ ਤੇਰੇ ਲੱਗ ਕੇ
ਆਖਰੀ ਹੈ ਇਹੋ ਮੈਨੂੰ ਚਾਅ
ਪਾ ਜਾ ਹੱਥ ਮੇਰੇ ਇਕ ਮੇਲ ਦੀ ਲਕੀਰ ਆ ਕੇ
ਨਾ ਹੋਰ ਹੁਣ ਮੈਨੂੰ ਤੜਫਾ
ਮੇਰਾ ਜੀ ਕਰਦਾ

ਤੇਰੇ ਨਿਰਮੋਹੀ ਦੇ ਨਾ ਕੰਨੀ ਪਹੁਚੇ
ਹੂਕ ਨਾ ਕੋਈ ਸਾਡੀ ਫ਼ਰਿਆਦ ਵੇ
ਬੁਲ੍ਹਾਂ ਦੇ ਹਾਸੇ ਨੂੰ ਸੋਕੇ ਨੇ ਖਾ ਲਿਆ
ਖ਼ਿਹਾਂ ਦੀ ਐੱਗ ਗਈ ਸਾਤ ਵੇ
ਬਦੱਲਾ ਦੇ ਵਾਂਗ ਤੈਨੂੰ ਉਡ ਕੇ ਮੈ ਆ ਮਿਲਾਂ
ਮੇਰਾ ਜੀ ਕਰਦਾ

ਹਾਲੇ ਵੀ ਨਾ ਆਈ ਤੇਰੇ ਵਾਦਿਆ ਦੀ ਰੁਤ ਵੇ
ਮੈ ਸਭੇ ਰੁੱਤਾਂ ਭਾਲਦੀ ਫਿਰਾਂ
ਤੇਰੀ ਇਕ ਦੀਦ ਦੇ ਲਈ ਸਾਗਰ ਹੰਗਾਲ ਆਵਾਂ
ਮੋਤ ਨੂੰ ਵੀ ਦਿਆਂ ਮੈ ਹਰਾ
ਤੇਰੀ ਝੱਲਕ ਤਾਂ ਕਿਧਰੇ ਪਵੇ
ਮੇਰਾ ਜੀ ਕਰਦਾ

ਛੱਡ ਕੇ ਤੂੰ ਐਸਾ ਸਾਨੂੰ ਟੁਰ ਪ੍ਰਦੇਸ ਗਇਓ
ਨਾ ਜਾਚਾਂ ਮੁੜ ਆਉਣ ਦੀਆਂ ਆਈਆਂ ਵੇ
'ਜੀਤ' ਦੇ ਗੀਤ ਕਰਨ ਦਰ ਤੇਰੇ ਅਰਜੋਈਆਂ
ਸਬਰ ਮੇਰੇ ਦੀਆਂ ਪਾਟੀਆਂ ਬਿਆਈਆਂ ਵੇ
ਇਹਨੂੰ ਠੱਲ ਆ ਕਿਧਰੇ ਪਾ
ਮੇਰਾ ਜੀ ਕਰਦਾ

ਸੰਗਤੇ ਬਾਤਾਂ ਪਾਈਏ

ਆਉ ਸੰਗਤੇ ਬਾਤਾਂ ਪਾਈਏ ਚੀਨੀ ਦੇ ਅਸਵਾਰ ਦੀਆਂ
ਘਰ ਘਰ ਦੇ ਵਿਚ ਗੱਲਾਂ ਹੁੰਦੀਆਂ ਉਸ ਮੇਰੇ ਦਾਤਾਰ ਦੀਆਂ

ਲੋਕੀ ਆਖਣ ਬਾਬਾ ਰਾਮ ਸਿੰਘ ਹੈ ਇਕ ਭੈਣੀ ਵਾਲੜਾ
ਭਾਰਤ ਵੇਖ ਗੁਲਾਮ ਆਇਆ ਉਸ ਦੇ ਖੂਨ ਉਬਾਲੜਾ
ਕੱਲੇ ਹੀ ਉਸ ਬਾਬੇ ਨੇ ਪੁਟ ਸੁਟੀਆਂ ਜੜ੍ਹਾਂ ਸਰਕਾਰ ਦੀਆਂ
ਘਰ ਘਰ ਦੇ ਵਿਚ ਗੱਲਾਂ..............

ਉਸ ਨੇ ਪੈਦਾ ਕੀਤੇ ਯੋਧੇ ਸੂਰਬੀਰ ਬਲਕਾਰੀ ਸੀ
ਜਿਨਾਂ ਆਕੜ ਭੰਨੀ ਮੋਤ ਦੀ ਉਨ੍ਹਾਂ ਅਗੇ ਹੋਣੀ ਹਾਰੀ ਸੀ
ਰੀਸਾਂ ਕੋਣ ਕਰੇ ਉਸ ਮੇਰੇ ਪਰਵਦਗਾਰ ਦੀਆਂ
ਘਰ ਘਰ ਦੇ ਵਿਚ ਗੱਲਾਂ..............

ਸਤਿਆਗ੍ਰਹਿ ਨਾ ਮਿਲਵਰਤਣ ਦੀ ਲਹਿਰ ਉਸ ਚਲਾ ਦਿਤੀ
ਜੜ੍ਹਾਂ ਲਗਾ ਬੈਠੇ ਗੋਰੇ ਨੂੰ ਭਾਜੜ ਸੀ ਉਸ ਪਾ ਦਿੱਤੀ
ਲੰਡਨ ਤੱਕ ਗੂੰਜਾਂ ਪਹੁੰਚ ਗਈਆਂ, ਸੀ ਉਹ ਦੀ ਲਲਕਾਰ ਦੀਆਂ
ਘਰ ਘਰ ਦੇ ਵਿਚ ਗੱਲਾਂ..............

ਉਸ ਮੇਰੇ ਸੰਤ ਸਿਪਾਹੀ ਨੇ ਸੋਹਣੇ ਰੱਬੀ ਨੂਰ ਇਲਾਹੀ ਨੇ
ਭਾਰਤ ਦਾ ਬੇੜਾ ਪਾਰ ਕੀਤਾ ਦੋ ਜਹਾਂ ਦੇ ਮਲਾਹੀ ਨੇ
ਕੀ ਸਿਫਤਾਂ 'ਜੀਤ' ਹੈ ਕਰ ਸਕਦੀ ਉਸ ਸਚੀ ਸਰਕਾਰ ਦੀਆਂ
ਘਰ ਘਰ ਦੇ ਵਿਚ ਗੱਲਾਂ..............

ਆਉ ਸੰਗਤੇ ਬਾਤਾਂ ਪਾਈਏ ਚੀਨੀ ਦੇ ਅਸਵਾਰ ਦੀਆਂ
ਘਰ ਘਰ ਦੇ. ਵਿਚ ਗੱਲਾਂ ਹੁੰਦੀਆਂ ਉਸ ਮੇਰੇ ਦਾਤਾਰ ਦੀਆਂ

ਤ੍ਰਿਲੋਕੀ ਦੇ ਮਾਲਿਕ

ਤਿੰਨਾ ਲੋਕਾਂ ਵਿਚ ਚੀਨੀ ਵਾਲੇ ਨੂੰ ਧਿਆਂਉਂਦੇ ਨੇ
ਪਾ ਕੇ ਉਹਦੀ ਦੀਦ ਚੰਨ ਤਾਰੇ ਝਿਲਮਿਲਾਉਂਦੇ ਨੇ

ਕੌਣ ਕੌਣ ਤੇ ਜ਼ਰਰੇ ਜ਼ਰਰੇ ਹਰ ਥਾਂ ਤੇ ਵੱਸਦਾ ਏ
ਫੁੱਲਾਂ ਵਿਚ ਨਜ਼ਰੀ ਆਵੇ ਖਿੜ ਖਿੜ ਉਹ ਹੱਸਦਾ ਏ
ਸੂਰਜ ਦੇ ਵਿਚ ਵੀ ਉਹੀ ਉਹੀ ਧਰਤੀ ਰੁਸ਼ਨਾਂਉਦੇ ਨੇ
ਗਗਨ ਤੇ ਚੰਨ ਤਾਰੇ.............

ਸਾਗਰ ਦੀਆਂ ਲਹਿਰਾਂ ਦੇ ਵਿਚ ਉਸੇ ਦੀ ਧਾਰਾ ਏ
ਪਰਬਤ ਹਿਮਾਲਿਆਂ ਤੇ ਵੀ ਉਹ ਦਾ ਝਲਕਾਰਾ ਏ
ਇੰਦਰ ਬਣ ਮੇਘ ਉਹੀਓ ਧਰਤੀ ਤੇ ਪਾਉਂਦੇ ਨੇ
ਗਗਨ ਤੇ ਚੰਨ ਤਾਰੇ...........

ਕਿਧਰੇ ਉਹ ਗਊਆਂ ਚਾਰੇ ਕਿਧਰੇ ਉਹ ਰਾਸ ਰਚਾਵੇ
ਕਿਧਰੇ ਉਹ ਬਣ ਬਣ ਭਟਕੇ ਕਿਧਰੇ ਉਹ ਰਾਵਣ ਮਾਰੇ
ਕਿਧਰੇ ਸਰਬੰਸ ਵਾਰ ਕੇ ਸੂਲਾਂ ਤੇ ਸਾਉਂਦੇ ਨੇ
ਗਗਨ ਤੇ ਚੰਨ ਤਾਰੇ.............

ਦੁਨੀਆਂ ਏਹ ਸਾਜੀ ਉਸ ਨੇ ਇਹ ਵੀ ਹੈ ਉਸਦੀ ਮਾਇਆ
ਹਉਮੈ ਤੇ ਮਮਤਾ ਵਾਲਾ ਕੈਸਾ ਹੈ ਜਾਲ ਵਿਛਾਇਆ
ਜੋ ਨੇ ਉਹ ਦੇ ਚਰਨੀ ਲੱਗਦੇ 'ਜੀਤ' ਉਹੀਓ ਪਾਉਂਦੇ ਨੇ

ਤਿੰਨਾ ਲੋਕਾਂ ਵਿਚ ਚੀਨੀ ਵਾਲੇ ਨੂੰ ਧਿਆਂਉਂਦੇ ਨੇ
ਗਗਨ ਤੇ ਚੰਨ ਤਾਰੇ ਕਿਵੇਂ ਝਿਲ ਮਿਲਾਵੁੰਦੇ ਨੇ

ਜੈ ਹੋ ਚੀਨੀ ਵਾਲੇ ਦੀ

ਜੈ ਹੋ ਚੀਨੀ ਵਾਲੇ ਦੀ ਜੋ ਕਲਿਯੁਗ ਦਾ ਅਵਤਾਰ ਏ
ਰਾਖਾ ਕੁਲ ਸੰਸਾਰ ਦਾ ਜੋ ਦੀਨ ਦੁਖੀ ਦਾ ਯਾਰ ਏ

ਅੰਧਕਾਰ ਸੀ ਛਾਇਆ ਜੱਗ ਤੇ ਇਸ ਨੇ ਆ ਰੁਸ਼ਨਾਇਆ ਏ
ਪਿਤਾ ਜੱਸਾ ਸਿੰਘ ਮਾਂ ਸਦਾ ਕੌਰ ਜੀ ਦੇ ਘਰ ਪ੍ਰਗਟਾਇਆ ਏ
ਰਾਈਆਂ ਪਿੰਡ ਦੇ ਭਾਗ ਜਗਾਏ ਤਾਰਿਆਂ ਹਰ ਨਰ ਨਾਰ ਏ
ਜੈ ਹੋ ਚੀਨੀ ਵਾਲੇ ਦੀ.........

ਰਾਇ ਸਿੰਘ ਨੂੰ ਸ਼ੇਰ ਨੇ ਜਦੋਂ ਜੰਗਲ ਦੇ ਵਿਚ ਘੇਰਿਆ
ਹਾਂ ਤੇਰੇ ਹੀ ਰੱਖਣ ਦਾ ਆ ਰੱਖ ਦਾਤਾ ਮੇਰਿਆ
ਪੱਲ ਵਿਚ ਆ ਖੜਿਆਂ ਸੀ ਉਦੋਂ ਦੋਨਾਂ ਦੇ ਵਿਚਕਾਰ ਏ
ਜੈ ਹੋ ਚੀਨੀ ਵਾਲੇ ਦੀ.........

ਮਾਨਾਂ ਵਾਲੇ ਹੋਲੇ ਤੇ ਜਦੋਂ ਪੁਤਰ ਮੋਇਆ ਘੁਮਿਆਰੀ ਦਾ
ਖੁਸ਼ੀਆਂ ਗ਼ਮ ਵਿਚ ਬਦਲ ਗਈਆਂ ਉਸ ਸੁਣਿਆ ਰੁਦਨ ਵੀਚਾਰੀ ਦਾ
ਮੋਏ ਨੂੰ ਸੁਰਜੀਤ ਕੀਤਾ ਉਥੇ ਹੋਈ ਜੈ ਜੈ ਕਾਰ ਏ
ਜੈ ਹੋ ਚੀਨੀ ਵਾਲੇ ਦੀ.........

ਗਊਆਂ ਦਾ ਬੰਦ ਕਤਲ ਕਰੋ ਇਹ ਨਾਰਾ ਉਸ ਲਗਾਇਆ ਸੀ
ਦੇਸ਼ ਅਜ਼ਾਦੀ ਦੇ ਲਈ ਉਸ ਨੇ ਝੰਡਾ ਚੁਕ ਲਹਿਰਾਇਆ ਸੀ
ਦਇਆ ਧਰਮ ਦੋਨੋ ਡੁਬ ਜਾਂਦੇ ਉਸੇ ਨੇ ਕੀਤੇ ਪਾਰ ਏ

ਧਰਮ ਤੇ ਪੰਖ ਲਗਾ ਉਡ ਜਾਂਦਾ ਜੇ ਦੁਨੀਆਂ ਤੇ ਆਉਂਦਾ ਨਾ
ਸਿੱਖੀ ਦਾ ਬੂਟਾ ਸੁਕ ਜਾਂਦਾ ਜੇ ਮੀਂਹ ਰਹਿਮਤ ਦਾ ਪਾਉਂਦਾ ਨਾ
ਐਸੇ ਸਤਿਗੁਰ ਤੋਂ ਬਲਿਹਾਰੇ ਜੀਤ ਵਾਰ ਵਾਰ ਏ

ਜੈ ਹੋ ਚੀਨੀ ਵਾਲੇ ਦੀ ਜੋ ਕਲਿਯੁਗ ਦਾ ਅਵਤਾਰ ਏ
ਰਾਖਾ ਕੁਲ ਸੰਸਾਰ ਦਾ ਜੋ ਦੀਨ ਦੁਖੀ ਦਾ ਯਾਰ ਏ

ਜਦੋਂ ਤੂੰ ਟੁਰਿਆਂ ਸੀ ਪ੍ਰਦੇਸਾਂ ਨੂੰ

ਗੱਡੇ ਦੇ ਅਸਵਾਰ ਕਾਲੀ ਕੰਬਲੀ ਲੈ ਕੇ
ਜਦੋਂ ਤੂੰ ਟੁਰਿਆ ਸੀ
ਵ੍ਹਾ ਰੁਕ ਗਈ
ਸੂਰਜ ਥੰਮ ਗਿਆ
ਗੰਗਾ ਜਮਨਾ ਚਲ ਦੀਆਂ ਰੁਕ ਗਈਆਂ
ਸੰਸਾਰ ਤੇ ਕੁਰਲਾਹਟ ਪੈ ਗਈ
ਹਾ ਹਾ ਕਾਰ ਮੱਚ ਗਿਆ
ਭੈਣੀ ਦੀਆਂ ਗਲੀਆਂ ਚ ਲੇਟਣ ਤੇਰੇ ਮਸਤਾਨੇ ਦੀਵਾਨੇ
ਮਾਈਆਂ ਕਮਲੀਆ ਵਾਲ ਖੋਹਣ ਦੇ ਹਥੜੀ ਪਿਟਣ
ਤੇਰਾ ਲਛਮਣ ਭਾਈ ਹੋਇਆ ਸੋਦਾਈ
ਬੇ-ਸੁਧ ਹੋਇਆ ਤਰਲੇ ਕੱਢੇ ਵਾਸਤੇ ਪਾਵੇ
ਮੈ ਜਾਂਦਾ ਹਾ ਤੇਰੇ ਥਾਂ
ਮੈ ਲਵਾਂਦਾ ਹਾਂ ਬੇੜੀਆ
ਸੰਗਤਾਂ ਦਿਆ ਵਾਲੀਆ ਨਾ ਜਾ
ਨਾ ਜਾਹ ਮੇਰੇ ਦਾਤਿਆ ਵਾਸਤਾ ਈ ਨਾ ਜਾਹ
ਮੇਰੀ ਪੁਕਾਰ ਸੁਣ ਲੈ ਮਾਲਕਾ ਮੇਰੀ ਫਰਿਆਦ ਏ
ਫੇਰ ਭੁਬਾਂ ਨਿਕਲ ਗਈਆਂ ਰਾਜੇ ਦਸਰਥ ਦੀਆਂ
ਫੇਰ ਅੱਜ ਜੱਸਾ ਸਿੰਘ ਬਣ ਕੇ
ਪੁਤ ਟੋਰਿਆ ਬਨਵਾਸ ਨੂੰ
ਪਰ ਹੁਣ ਕੋਈ ਮੁਨਿਆਦ ਨਹੀ
ਕਿਵੇ ਜੀਏਗਾ ਪੁਤ ਅੱਖੋ ਉਹਲੇ ਹੋ ਗਿਆ
ਨਾ ਜਾਣਾ ਕਿਧਰ ਲੈ ਚਲੇ, ਨੇ ਜਾਲਮ ਗੋਰੇ
ਬੈਲ ਗਊਆ ਅੜਾਉਣ ਲੱਗ ਪਏ
ਪੰਛੀਆਂ ਨੇ ਕੁਰਲਾਟ ਪਾ ਲਈ
ਡੁਲ ਪਈਆਂ ਅੱਖੀਆਂ
ਆਪਣੇ ਬੇ-ਗਾਨਿਆ ਦੀਆਂ
ਤ੍ਰਿਪ ਤ੍ਰਿਪ ਅਥਰੂ ਗਿਰਨ ਲੱਗੇ

ਸਭ ਤੂੰ ਵੇਖ ਰਿਹਾ ਸੀ ਚੁਪ ਚਾਪ
ਤੂੰ ਟੁਰ ਪਿਆ ਤੇਰਾ ਦਿਲ ਨਾ ਪਿਘਲਿਆ
ਤੇਰੇ ਉਹ ਦੋ ਸ਼ਬਦ ਮੁੱਖ ਚੋ ਉਚਾਰੇ ਅੱਜ ਵੀ ਯਾਦ ਨੇ
ਤੂੰ ਕਹਿ ਕੇ ਗਿਆ ਸੀ
ਧਰਮ ਨਹੀ ਟੁਰਦਾ ਮੇਰੇ ਗਿਆ ਬਿਨਾਂ
ਗਊ ਤੇ ਗਰੀਬ ਗਲੋਂ ਛੁਰੀ ਨਹੀਂ ਲਹਿੰਦੀ
ਧੀਰਜ ਧਰੋ
ਮੈਂ ਵਾਪਸ ਆਵਾਂਗਾ ਏਸੇ ਰੂਪ ਵਿਚ
ਮੈਂ ਅੱਗ ਵਿਚ ਸੜਦਾ ਨਹੀ
ਪਾਣੀ ਵਿਚ ਡੁਬੱਦਾ ਨਹੀ
ਪੌਣ ਮੇਰੇ ਵਸ ਵਿਚ ਹੈ
ਕਿਸੇ ਤੇ ਯਕੀਨ ਨਹੀ ਕਰਨਾ
ਭਾਵੇਂ ਕੋਈ ਆ ਕੇ ਕਹੇ ਤੁਸਾਂ ਨੂੰ
ਕੇ ਮੈ ਹੱਥੀ ਲਾਖੂ ਲਾ ਕੇ ਆਇਆ ਹਾਂ
ਪਰ ਅੱਜ ਤੂੰ ਕਿਥੇ
ਤੇਰਾ ਜੀ ਨਹੀਂ ਕਰਦਾ ਆਣ ਨੂੰ
ਕੀ ਨੇ ਮਜਬੂਰੀਆਂ ਜਰਾ ਸਾਨੂੰ ਵੀ ਦੱਸ
ਅੱਜ ਅਸੀ ਨਾ ਜਾਣੀਏ ਕਿਥੇ ਹੈ ਸਾਡੇ ਸਿਰ ਦਾ ਸਾਂਈ
ਤੇਰੀ ਯਾਦ ਸਤਾਵੇ
ਜੀਅ ਤੜਪਾਵੇ
ਇਕੋ ਰੱਟ ਲੱਗੀ ਏ
ਹੇ ਚੀਨੀ ਵਾਲੇ ਪ੍ਰਦੇਸੀ ਪ੍ਰੀਤਮ ਦੀਨਾ ਨਾਥ
ਜਲਦੀ ਆ ਆ ਤੂੰ ਆ ਵੀ ਜਾਹ
ਪਪੀਹਾ ਪੁਕਾਰੇ
ਕੋਇਲ ਵੀ ਕੂਕੇ
ਭਾਰਤ ਮਾਂ ਪੁਕਾਰੇ ਮੇਰੇ ਰਾਜ ਦੁਲਾਰੇ
ਸੰਗਤ ਕੱਢੇ ਹਾੜੇ
ਮੇਰੀ ਜਿੰਦ ਕੂਕੇ
ਦਿਨੇ ਤੇਰੀਆਂ ਯਾਦਾਂ
ਰਾਤੀ ਤੇਰੇ ਸੁਪਨੇ
ਮੈਨੂੰ ਇਹਨਾ ਤੋਂ ਵੇਹਲ ਨਾ ਆਵੇ

ਵਾ ਵਗਦੀ ਨੂੰ ਸੁਨੇਹੜੇ
ਆਉਂਦੀ ਵਾ ਨੂੰ ਮੈ ਪੁਛਾਂ
ਕਲੀਆਂ ਕੁਮਲਾਈਆਂ ਮੂਹ ਚੁਕ ਚੁਕ ਕੇ ਵੇਖਣ
ਫੁੱਲਾਂ ਤੇ ਭੌਂਵਰਾ ਨਹੀ ਬਹਿੰਦਾ
ਉਗਦਾ ਏ ਸੂਰਜ ਡੁੱਬ ਜਾਏ ਨਿਰਾਸਾ
ਚੰਨ ਦੀ ਚਾਨਣੀ ਨਾ ਠੰਡ ਵਰਤਾਏ
ਭੌਖਦੀ ਏ ਖੁਦ ਵੀ ਸਾਨੂੰ ਵੀ ਅੱਗ ਲਾਏ
ਆਵੇਂਗਾ ਕਦੋਂ ਤੂੰ ਸੀਨੇ ਠੰਢ ਪਾਵੇਂ
ਜੁਗੜੇ ਨੇ ਬੀਤੇ ਮੁੜ ਨਾ ਤੂੰ ਆਇਓਂ
ਕਈ ਮਰ ਗਏ ਨੇ ਤੜੱਪ ਦੇ ਕੂਕ ਦੇ ਹੂਕਦੇ
ਤੇਰੀ ਦੀਵਾਨੀ ਜੀਤ ਵੀ ਤੜਪੇ
ਚੀਨੀ ਅਸਵਾਰ ਸਾਡੀ ਸੁਣ ਲੈ ਫਰਿਆਦ
ਆ ਕੇ ਦਰਸ਼ਨ ਦਿਖਾ ਖਲਕੱਤ ਡੁਬਦੀ ਬਚਾ
ਆ ਮੇਰੇ ਪ੍ਰੀਤਮਾ ਇਕ ਵਾਰੀ ਤੇ ਆ
ਆ ਹੁਣ ਤੇ ਆ ਵੀ ਜਾਹ।

ਰੁਬਾਈ

ਵਾਸਤਾ ਈ ਆ ਜਾ ਮੇਰੇ ਚੀਨੀ ਅਸਵਾਰ ਵੇ
ਬ੍ਰਿਹਾਂ ਦੇ ਤੀਰ ਨਾ ਤੂੰ ਹੋਰ ਸੀਨੇ ਸਾਡੇ ਮਾਰ ਵੇ
ਦਿਲ ਦੀਆਂ ਕੰਧਾ ਨੇ ਵਿਯੋਗ ਵਿਚ ਹਲੀਆਂ
ਵਿਹੜਾ ਸੁੰਨਾ ਦਿਲ ਦਾ ਹੈ 'ਜੀਤ' ਬੇ-ਕਰਾਰ ਵੇ

ਰੁਬਾਈ

ਉਹਦੀ ਯਾਦ ਮੇਰੇ ਸੀਨੇ ਚ ਦਰਦ ਬਣ ਗਈ
ਰੇਗਿਸਤਾਨ ਦੀ ਉਜੱੜੀ ਹੋਈ ਧਰਤ ਬਣ ਗਈ
ਦਿਲ ਚ ਪਿਆਰ ਦਾ ਸੋਮਾ ਜੋ ਫੁੱਟਿਆ ਸੀ
'ਜੀਤ' ਦੇ ਨੈਣਾਂ ਚ, ਹਝੂੰਆਂ ਦੀ ਛਮ ਛਮ ਬਣ ਗਈ

ਸ਼ੇਅਰ

ਭਾਬੜ ਪਿਆਰ ਦੇ ਦਿਲ ਚੋਂ ਉਠਦੇ
ਤੇ ਬਣ ਹੰਝੂ ਅੱਖੀਆਂ ਚੋਂ ਗਿਰ ਜਾਂਦੇ
ਵਿਛੜੇ ਕਰਮਾਂ ਦੇ ਨਾਲ ਮਿਲਦੇ
ਐਵੇ ਦਿਲ ਨੂੰ 'ਜੀਤ' ਪ੍ਰਚਾਂਦੇ

ਰੁਬਾਈ

ਦਿਲ ਟੁੱਕੜੇ ਟੁਕੱੜੇ ਕਰ ਟੁਰਿਆ
ਮੈਂ ਹਉਂਆਂ ਦੇ ਨਾਲ ਸੀਂ ਰਹੀ ਹਾਂ

ਪਰਸੋਂ ਦਾ ਵਾਅਦਾ ਕੀਤਾ ਸੀ
ਮੈਂ ਘੁਟ ਸਬਰ ਦੇ ਪੀ ਰਹੀ ਹਾਂ

ਰੋ ਰੋ ਮੈਂ ਵਾਸਤੇ ਪਾਂਦੀ ਰਹੀ
ਨਾ ਸੁਣੀ ਕੋਈ ਫਰਿਆਦ ਮੇਰੀ

ਉਹਦੀ ਆਸ 'ਜੀਤ' ਇਕ ਬਾਕੀ ਹੈ
ਉਸ ਆਸ ਸਹਾਰੇ ਜੀ ਰਹੀ ਹਾਂ

ਰੁਬਾਈ

ਚੀਨੀ ਵਾਲਿਆ ਕੰਬਲੀ ਵਾਲਿਆ ਸੁੱਣ ਬਿ੍ਹਾਂ ਦੀ ਹੂਕ ਵੇ
ਤੂੰ ਬਖਸ਼ਣ ਹਾਰਾ ਪਰਉਪਕਾਰਾ ਬਖਸ਼ ਸਾਡੀ ਭੁਲ ਚੂਕ ਵੇ
ਬਿ੍ਹਾਂ ਮਾਰੇ 'ਜੀਤ' ਅਸੀ ਹਾਰੇ ਛੱਡ ਟੁਰਿਆ ਵੱਡ ਪ੍ਰਤਾਪੀ
ਦੇਹ ਦਰਸ਼ਨ ਦੀਦੇ ਪਏ ਤਰਸਣ ਨਾ ਕਰ ਗੈਰਾਂ ਵਾਂਗ ਸਲੂਕ ਵੇ

ਰੁਬਾਈ

ਸਾਰੀ ਉਮਰਾਂ ਮੈਂ ਤੜਪਿਆ ਚੀਨੀ ਦੇ ਅਸਵਾਰ ਬਿਨਾਂ
ਚਾਰੇ ਜੁਗ ਮੇਰੀ ਜ਼ਿੰਦਗੀ ਰਹਿ ਗਈ ਸੁੰਨੀ ਉਹਦੇ ਦੀਦਾਰ ਬਿਨਾਂ
ਵਾਂਗ ਸੁਦਾਈਆਂ ਮੈਂ ਹਾਂ ਫਿਰਦਾ ਆਲਮ ਕਮਲਾ ਕਹਿੰਦਾ ਵੇ
ਲੱਗਦੇ ਸਾਨੂੰ ਸਵਰਗ ਵੀਰਾਨੇ 'ਜੀਤ' ਸੋਹਣੇ ਯਾਰ ਬਿਨਾਂ

ਸ਼ੇਅਰ

ਚੀਨੀ ਵਾਲਾ ਐਸਾ ਦਰਦ ਦੇ ਗਿਆ
ਦਰਦ ਹੀ ਅਸਾਂ ਹੰਡਾਇਆ ਏ
ਜੁਗ ਬੀਤੇ ਨੇ ਪਲ ਪਲ ਕਰ ਕੇ
ਪਰ ਉਹ ਪਰਤ ਨਾ ਆਇਆ ਏ

ਦਿਲ ਦੀਆਂ ਗੱਲ੍ਹਾਂ

ਚੀਨੀ ਵਾਲਾ ਜਦੋਂ ਗੱਡੇ ਤੇ ਬੈਠ ਟੁਰਿਆ
ਗੱਲਾਂ ਉਦੋਂ ਦੀਆਂ ਜਾਣ ਸਾਥੋਂ ਦੱਸੀਆਂ ਨਾ

ਸਾਡੇ ਦਿਲ ਦੀਆਂ ਦਿਲ ਦੇ ਵਿਚ ਰਹੀਆਂ
ਉਸ ਪੁਛੀਆਂ ਨਾ ਗਈਆ ਦਸੀਆਂ ਨਾ

ਰਾਤ ਛੋਟੀ ਜੁਦਾਈ ਦੇ ਜ਼ਿਕਰ ਵੱਡੇ
ਜਾਣ ਦਿਲਾਂ ਦੀਆਂ ਲੱਗੀਆਂ ਦੱਸੀਆਂ ਨਾ

ਘੜੀ ਬੀਤੀ ਨਾ ਕੋਈ ਵੀ ਬਾਝ ਉਸਦੇ
ਜਿਹੜੀ ਘੜੀ ਚ ਅੱਖੀਆਂ ਵੱਸੀਆਂ ਨਾ

ਹੋਈਆਂ ਮੁਦਤਾ ਵੇਖਿਆ ਮੁਖ ਉਸ ਦਾ
ਘਟਾ ਗ਼ਮ ਦੀਆਂ 'ਜੀਤ' ਕਦੇ ਛੱਟੀਆਂ ਨਾ

ਚੀਨੀ ਵਾਲਾ ਜਦੋਂ ਗੱਡੇ ਤੇ ਬੈਠ ਟੁਰਿਆ
ਗੱਲਾਂ ਉਦੋਂ ਦੀਆਂ ਜਾਣ ਸਾਥੋਂ ਦਸੀਆਂ ਨਾ

ਸੁੰਨੀ ਕਾਇਨਾਤ

ਸੁੰਨੀ ਸੁੰਨੀ ਉਹਦੇ ਬਿਨਾਂ ਸਾਰੀ ਕਾਇਨਾਤ
ਸੁੰਨੇ ਦਿਲ ਦੇ ਨੇ ਮਹਿਲ ਤੇ ਮੁਨਾਰੇ

ਸੁੰਨਾ ਸੁੰਨਾ ਲਗਦਾ ਜਹਾਨ ਸਾਨੂੰ ਸਾਰਾ
ਜਦੋਂ ਛੱਡ ਗਏ ਨੇ ਚੀਨੀ ਅਸਵਾਰੇ

ਸੁੰਨੇ ਸੁੰਨੇ ਲੱਗਦੇ ਜਮੀ ਤੇ ਅਸਮਾਨ
ਸੁੰਨੇ ਲੱਗਦੇ ਨੇ ਚੰਨ ਤੇ ਸਿਤਾਰੇ

ਸੁੰਨੀ ਸੁੰਨੀ ਆਈ ਬਾਗਾਂ ਚ ਬਹਾਰ
ਸੁੰਨੇ ਲੱਗਦੇ ਨੇ ਸਾਰੇ ਹੀ ਨਜ਼ਾਰੇ

ਸੁੰਨੀ ਸੁੰਨੀ ਜਿੰਦ 'ਜੀਤ' ਫਿਰਦੀ ਵੀਰਾਨਿਆ ਚ
ਸੁੰਨੇ ਉਹਦੇ ਬਿਨਾਂ ਨੈਣਾਂ ਦੇ ਦੁਆਰੇ

ਸੁੰਨੀ ਸੁੰਨੀ ਉਹਦੇ ਬਿਨਾਂ ਸਾਰੀ ਕਾਇਨਾਤ
ਸੁੰਨੇ ਦਿਲ ਦੇ ਨੇ ਮਹਿਲ ਤੇ ਮੁਨਾਰੇ

ਜੇਕਰ ਇੰਞ ਭੁਲੌਂਦੇ ਨਾ

ਚੀਨੀ ਵਾਲੇ ਜਾ ਪ੍ਰਦੇਸੀ ਜੇਕਰ ਇੰਜ ਭੁਲੌਂਦੇ ਨਾ
ਸਦੀਆਂ ਤੌਂ ਅਸੀ ਰਾਹ ਤੱਕ ਦੇ ਨਾ ਵਾਂਗ ਕੂੰਜ ਕੁਰਲੌਂਦੇ ਨਾ

ਬਿ੍ਹਾਂ ਦੇ ਵਿਚ ਜਿੰਦ ਭੁਜਦੀ ਏ ਜਿਓ ਭੱਠੀ ਵਿਚ ਦਾਣੇ ਵੇ
ਰੁਲ ਗਏ ਵਾਂਗ ਸ਼ੁਦਾਈਆਂ ਤੇਰੇ ਕਰ ਗਏ ਨੈਣ ਦੀਵਾਨੇ ਵੇ
ਰੱਖ ਕੇ ਬਾਂਹ ਸਰਾਣੇ ਰਾਤੀ ਸੁੱਖਦੀ ਨੀਂਦ ਕਦੇ ਸੌਂਦੇ ਨਾ
ਚੀਨੀ ਵਾਲੇ ਜਾ.........................

ਹਰਜਾਈ ਤੇਰੀ ਬੇ-ਰੁਖੀ ਜਿੰਦ ਮੇਰੀ ਨਾ ਸਹਿੰਦੀ ਏ
ਤੜਫ ਤੜਫ ਇਹ ਦਿਲ ਦੀ ਤੜਪਨ ਨਾਂ ਤੇਰਾ ਹੀ ਲੈਂਦੀ ਏ
ਕਰ ਕੇ ਵਾਅਦਾ ਪਰਸੋਂ ਦਾ ਜੋ ਫੇਰ ਕਦੀ ਮੁੜ ਔਂਦੇ ਨਾ
ਚੀਨੀ ਵਾਲੇ ਜਾ...................

ਮੇਰੀ ਫਰਿਆਦ ਵੀ ਤੂੰ ਏ ਮੇਰਾ ਸਈਆਦ ਵੀ ਤੂੰ ਏ
ਮੈਂ ਸੁਧ-ਬੁਧ ਭੁਲ ਗਈ ਲੇਕਿਨ ਸਿਰਫ ਇਕ ਯਾਦ ਹੀ ਏ
ਤੜਫ ਤੜਫ ਦੀਵਾਨੇ ਤੇਰੇ ਨੀਂਦ ਸਦਾ ਦੀ ਸੌਂਦੇ ਨਾ
ਚੀਨੀ ਵਾਲੇ ਜਾ...........

ਜੀ ਕਰਦਾ ਮੈਂ ਦੀਦ ਤੇਰੀ ਦੇ ਭਰ ਭਰ ਕਾਸੇ ਪੀਵਾਂ
ਪਲ ਭਰ ਤੈਥੋਂ ਦੂਰ ਰਹਾਂ ਨਾ ਬਿਨ ਤੇਰੇ ਮੈਂ ਜੀਵਾਂ
ਪੇਸ਼ ਨਾ ਜਾਂਦੀ ਜੀਤ, ਮੇਰੀ ਐਂਜ ਰੋ ਰੋ ਵਕਤ ਲੰਘੌਂਦੇ ਨਾ
ਚੀਨੀ ਵਾਲੇ ਜਾ............

ਚੀਨੀ ਵਾਲੇ ਜਾ ਪ੍ਰਦੇਸੀ ਜੇਕਰ ਇੰਜ ਭੁਲੌਂਦੇ ਨਾ
ਸਦੀਆਂ ਤੌਂ ਅਸੀ ਰਾਹ ਤੱਕ ਦੇ ਨਾ ਵਾਂਗ ਕੂੰਜ ਕੁਰਲੌਂਦੇ ਨਾ

ਦੀਵਾ ਵਸਲ ਦਾ

ਤੇਰੇ ਪਿਆਰ ਵਿਚ ਮਸਤ ਮਲੰਗ ਹੋ ਕੇ
ਅੱਜ ਫਿਰ ਵਸਲ ਦਾ ਦੀਵਾ ਜਗਾਣ ਲੱਗੀ

ਸਾਡੀ ਬੇ-ਵਸੀ ਚੀਨੀ ਵਾਲੇ ਦੀ ਬੇ-ਰੁਖੀ
ਪਰਦਾ ਗੈਰਾਂ ਦੇ ਵਿਚ ਉਠਾਣ ਲੱਗੀ

ਤੇਰੇ ਸੱਦੀਆਂ ਵਿੰਨ੍ਹਿਆ ਦਿਲ ਮੇਰਾ
ਛਾਤੀ ਪਾੜ ਕੇ ਅੱਜ ਵਖਾਣ ਲੱਗੀ

ਤੂੰ ਜਿਥੇ ਚਰਨ ਰੱਖਿਆ ਜਿੰਦ ਕਰੇ ਸਜਦੇ
ਤੇਰੇ ਰਾਂਵ੍ਹਾਂ ਚ ਪਲਕਾਂ ਵਿਛਾਣ ਲੱਗੀ

ਇਕ ਪਲ ਗੁਜਰੇ ਜੁਗਾਂ ਵਾਂਗ ਸਾਨੂੰ
ਦਿਨੇ ਰਾਤ ਇਹ ਜਿੰਦ ਕੁਰਲਾਣ ਲਗੀ

ਨੈਣ ਸੁੰਨੇ ਉਦਾਸ ਸਭ ਭੇਦ ਖੋਲਣ
ਜਿੰਨਾ ਦਰਦ ਮੈ ਤੇਰਾ ਛੁਪਾਣ ਲਗੀ

ਆ ਜਾ ਵਾਸਤਾ ਏ ਚੀਨੀ ਵਾਲਿਆਂ ਵੇ
ਜਿੰਦ ਮੋਤ ਦੀਆਂ ਬਾਹਵਾਂ ਚ, ਜਾਣ ਲਗੀ

'ਜੀਤ' ਭੁਲ ਗਈ ਏ ਦੇਹ ਬਖਸ਼ ਦਾਤਾ
ਤੇਰੇ ਦੀਦ ਦੀ ਪਿਆਸ ਤੜਪਾਣ ਲੱਗੀ

ਤੇਰੇ ਪਿਆਰ ਵਿਚ ਮਸਤ ਮਲੰਗ ਹੋ ਕੇ
ਅੱਜ ਫਿਰ ਵਸਲ ਦਾ ਦੀਵਾ ਜਗਾਣ ਲਈ

ਅਠਾਰਾਂ ਸੌ ਸਤਾਵਨ ਦੀ ਵਿਸਾਖੀ

ਅਠਾਰਾਂ ਸੌ ਸਤਾਵਨ ਦੇ ਵਿਚ ਜਦੋਂ ਵਿਸਾਖੀ ਆਈ ਏ
ਸਦਾ ਕੌਰ ਜੀ ਦੇ ਰਾਜ ਦੁਲਾਰੇ ਐਸੀ ਕਲਾ ਵਿਖਾਈ ਏ

ਕਿਵੇਂ ਬਾਜ਼ਾਂ ਵਾਲੇ ਪੰਥ ਸਾਜਿਆ ਭੁਲ ਗਿਆ ਸੰਸਾਰ ਸੀ
ਗਊ ਗਰੀਬ ਤੇ ਦੀਨ ਦੁਖੀ ਦੀ ਹਰ ਪਾਸੇ ਹਾ ਹਾ ਕਾਰ ਸੀ
ਗੁਰੂ ਰਾਮ ਸਿੰਘ ਖਾਲਸੇ ਦੀ ਫਿਰ ਬੁਝਦੀ ਜੋਤ ਜਗਾਈ ਏ
ਸਦਾ ਕੌਰ ਜੀ ਦੇ ਲਾਲ ਨੇ...........

ਫਿਰ ਬਾਰਵੇਂ ਜਾਮੇ ਗੁਰੂ ਨਾਨਕ ਨੇ ਪੰਜ ਪਿਆਰੇ ਸਾਜੇ
ਫਿਰ ਧਰਤੀ ਤੇ ਦਾਤਾ ਆਇਆ ਜਿਸ ਨੇ ਗਰੀਬ ਨਿਵਾਜੇ
ਇਕ ਸੌ ਅਠਾਵਨ ਸਾਲ ਬਾਦ ਫਿਰ ਖਾਲਸੇ ਪਦੱਵੀ ਪਾਈ ਏ
ਸਦਾ ਕੌਰ ਜੀ ਦੇ ਲਾਲ ਨੇ...........

ਗਫਲਤ ਵਿਚ ਸੁਤੀ ਕੌਮ ਨੂੰ ਝੂਣ ਕੇ ਉਸ ਜਗਾਇਆ ਏ
ਧਰਮ ਦੇਸ਼ ਸਭਿਆਚਾਰ ਦਾ ਬੂਟਾ ਫੇਰ ਲਗਾਇਆ ਏ
ਮਾਈਆਂ ਤੇ ਵੀ ਕੀਤੀ ਕ੍ਰਿਪਾ ਅੰਮ੍ਰਿਤ ਬੂੰਦ ਪਿਲਾਈ ਏ
ਸਦਾ ਕੌਰ ਜੀ ਦੇ ਲਾਲ ਨੇ...........

ਦਸਮ ਪਿਤਾ ਦੇ ਅੰਮ੍ਰਿਤ ਨੇ ਚਿੱੜੀਆਂ ਤੋਂ ਬਾਜ਼ ਤੁੜਾਏ ਸੀ
ਚੀਨੀ ਵਾਲੇ ਦੇ ਅੰਮ੍ਰਿਤ ਨੇ ਤੋਪਾਂ ਦੇ ਮੂੰਹ ਘੁਮਾਏ ਸੀ
ਭਾਰਤ ਵਿਚ ਗੋਰਾ ਰਹਿਣ ਨਹੀ ਦੇਣਾ ਡੰਕੇ ਦੀ ਚੋਟ ਵਜਾਈ ਏ
ਸਦਾ ਕੌਰ ਜੀ ਦੇ ਲਾਲ ਨੇ...........

ਬਾਜਾਂ ਵਾਲੇ ਦੇ ਪੰਜ ਪਿਆਰੇ ਮੁਗਲਾਂ ਦੇ ਨਾਲ ਜੂੱਝਦੇ ਰਹੇ
ਚੀਨੀ ਵਾਲੇ ਦੇ ਪੰਜ ਪਿਆਰੇ ਗੋਰਿਆ ਦੇ ਸਿਰ ਗੂੰਜਦੇ ਰਹੇ
'ਜੀਤ' ਫਾਂਸੀ ਦੇ ਰੱਸੇ ਚੁੰਮ ਭਾਰਤ ਮਾਂ ਅਜ਼ਾਦ ਕਰਾਈ ਏ

ਅਠਾਰਾਂ ਸੌ ਸਤਾਵਨ ਦੇ ਵਿਚ ਜਦੋਂ ਵਿਸਾਖੀ ਆਈ ਏ
ਸਦਾ ਕੌਰ ਜੀ ਦੇ ਰਾਜ ਦੁਲਾਰੇ ਐਸੀ ਕਲਾ ਵਿਖਾਈ ਏ

ਅਨੰਦ ਕਾਰਜ ਦੀ ਰਸਮ

ਖੋਟਿਆ ਦੇ ਪਿੰਡ ਜਾ ਕੇ ਗੁਰੂ ਰਾਮ ਸਿੰਘ ਜੀ ਨੇ
ਅਜਬ ਨਿਰਾਲੀ ਇਕ ਖੇਡ ਵਰਤਾਈ ਏ
ਰਸਮ ਰਿਵਾਜਾਂ ਵਿਚ ਡੁਬੇ ਹੋਏ ਮਾਪਿਆ ਨੂੰ
ਧੀਆਂ ਨੂੰ ਖੁਸ਼ੀ ਵਿਦਾ ਕਰੋ ਇਹ ਡਗਰ ਵਿਖਾਈ ਏ

ਅਠ੍ਹਾਰਾਂ ਸੌ ਤਰੇਠ ਤਿੰਨ ਜੂਨ ਜੇਠ ਸੁਦੀ ਦਸਵੀ
ਫਿਰੋਜ਼ਪੁਰ ਜਿਲ੍ਹਾ ਪਿੰਡ ਖੋਟਿਆਂ ਦੇ ਵਿਚ ਜਾ ਕੇ
ਗੁਰ ਬਾਣੀ ਦਾ ਪਾਠ ਕਰ ਹਵਨ ਕੁੰਡ ਤਿਆਰ ਕਰ
ਅਨੰਦ ਕਾਰਜ ਦੀ ਇੰਜ ਰਸਮ ਚਲਾਈ ਏ
ਰਸਮ ਰਿਵਾਜਾਂ ਵਿਚ..............

ਦਾਜ ਤੇ ਦਹੇਜ ਵਾਲੀ ਰੀਤ ਨੂੰ ਮਿਟੋਣ ਦੇ ਲਈ
ਚੂੜੇ ਤੇ ਕਲੀਰੇ ਸਭ ਉਸ ਨੇ ਲੁਹਾਏ ਨੇ
ਕੰਨ ਵਿਚ ਫੂਕ ਮਾਰ ਪੰਜ ਕੱਕੇ ਝੋਲੀ ਪਾ ਕੇ
ਐਮ੍ਰਿਤ ਛਕਾ ਕੇ ਕਰ ਦਿੱਤੀ ਰਹਿਨੁਮਾਈ ਏ
ਰਸਮ ਰਿਵਾਜਾਂ ਵਿਚ..............

ਬੇਦੀ ਗੱਡ ਹਵਨਕੁੰਡ ਦੁਆਲੇ ਚਾਰ ਫੇਰੇ ਦੇ ਕੇ
ਰਾਗ ਸੂਹੀ ਵਿਚੋਂ ਲਾਵਾ ਚਾਰ ਪੜ੍ਹ ਦਿਤੀਆਂ
ਮੇਲ ਨ ਬਰਾਤ ਨਾ ਮਿਲਣੀ ਮੁਕਲਾਵਾ ਹੋਏ
ਛੇ ਅਨੰਦ ਕਾਰਜ ਹੋਏ ਨਾ ਕੀਤੀ ਕੁੜਮਾਈ ਏ
ਰਸਮ ਰਿਵਾਜਾਂ ਵਿਚ..............

ਲੋਕ ਭਲਾਈ ਹਿਤ ਦੀਨਾਂ ਤੇ ਦੁਖੀਆਂ ਲਈ
ਧੀਆਂ ਨਿਮਾਣੀਆਂ ਦੀ ਸੁਣ ਕੇ ਪੁਕਾਰ ਉਸ
ਜੰਮਦੀ ਨਾ ਧੀ ਮਾਰੋ, ਵਿਧਵਾ ਵਿਆਹ ਕਰੋ
'ਜੀਤ' ਅੰਧਕਾਰ ਵਿਚ ਕੀਤੀ ਰੁਸ਼ਨਾਈ ਏ
ਰਸਮ ਰਿਵਾਜਾਂ ਵਿਚ..............

ਖੋਟਿਆ ਦੇ ਪਿੰਡ ਜਾ ਕੇ ਗੁਰੂ ਰਾਮ ਸਿੰਘ ਜੀ ਨੇ
ਅਜਬ ਨਿਰਾਲੀ ਇਕ ਖੇਡ ਵਰਤਾਈ ਏ

ਜਗ ਦਾ ਪਾਲਣ ਹਾਰ

ਸਾਰੇ ਜੱਗ ਦਾ ਪਾਲਣਹਾਰ ਸਤਿਗੁਰ ਚੀਨੀ ਦੇ ਅਸਵਾਰ
ਆਇਆ ਰਾਈਆਂ ਦੇ ਪਿੰਡ ਵਿਚ ਧਾਰ ਅਵਤਾਰ

ਆਈ ਏ ਬਸੰਤ ਕਲੀ ਕਲੀ ਫੁਲ ਮਹਿਕਦੇ ਨੇ
ਆਈ ਖੁਸ਼ਬੂ ਉਹਦੀ ਸਾਰੇ ਪਏ ਚਹਿਕ ਦੇ ਨੇ
ਆਇਆ ਦੁਨੀਆ ਦਾ ਦਾਤਾਰ ਤਾਰਣ ਲਈ ਆਇਆ ਸੰਸਾਰ
ਆਇਆ ਰਾਈਆਂ................

ਪ੍ਰਗਟ ਹੋਈ ਜੋਤ ਅਗੰਮੀ ਹਰ ਪਾਸੇ ਖੇੜਾ ਖੇੜਾ ਏ
ਫੇਰ ਬਹਾਰਾਂ ਆਈਆਂ ਮੁੜ ਕੇ ਚਾਨਣ ਵਿਹੜਾ ਵਿਹੜਾ ਏ
ਕੌਣ ਕੌਣ ਧਰਤੀ ਦਾ ਅੱਜ ਉਸ ਤੋਂ ਹੁੰਦਾ ਜਾਏ ਬਲਿਹਾਰ
ਆਇਆ ਰਾਈਆ...................

ਅੱਜ ਉਹ ਸੂਰਜ ਚੜ੍ਹਿਆਂ ਜਿਸ ਨੂੰ ਸਜਦੇ ਕਰਨ ਸੁਵੇਰੇ
ਐਸਾ ਚਾਨਣ ਕੀਤੇ ਜਿਸ ਪਾਪਾਂ ਦੇ ਦੂਰ ਹਨੇਰੇ
ਆਇਆ ਉਹ ਸੁਣ ਕੇ ਭਾਰਤ ਮਾਤਾ ਦੀ ਪੁਕਾਰ
ਆਇਆ ਰਾਈਆ................

ਅਗਿਆਨ ਅੰਧੇਰ ਮਿਟਾ ਕੇ ਇਸ ਨੇ ਗਿਆਨ ਦੀ ਜੋਤ ਜਗਾਈ ਏ
ਟੂਣੇ ਟੱਪਣੇ ਅੰਧ ਵਿਸ਼ਵਾਸ ਦੀ ਆਂਧੀ ਜੜੋਂ ਮੁਕਾਈ ਏ
ਕੱਟ ਗੁਲਾਮੀ ਭਾਰਤ ਮਾਂ ਦੀ ਬੇੜਾ ਕੀਤਾ ਪਾਰ
ਆਇਆ ਰਾਈਆ.............

ਜੋ ਕੁਦਰਤ ਦੀ ਭੈਣੀ ਜੀਤ ਜੱਗ ਤੇ ਕਹਾਂਵਦੀ
ਸਾਰੀ ਦੁਨੀਆਂ ਹੈ ਅੱਜ ਸੀਸ ਝੁਕਾਂਵਦੀ
ਜਗਤ ਜਲੰਦਾ ਰੱਖਣ ਆਇਆ ਅਪਣੀ ਕ੍ਰਿਪਾ ਧਾਰ
ਆਇਆ ਰਾਈਆ..........

ਸਾਰੇ ਜੱਗ ਦਾ ਪਾਲਣਹਾਰ ਸਤਿਗੁਰ ਚੀਨੀ ਦੇ ਅਸਵਾਰ
ਆਇਆ ਰਾਈਆ ਦੇ ਪਿੰਡ ਵਿਚ ਧਾਰ ਅਵਤਾਰ

ਸਾਕਾ ਮਲੇਰ ਕੋਟਲਾ

ਮੇਰੇ ਅੰਗ ਸੰਗ ਸਤਿਗੁਰੂ ਰਾਮ ਸਿੰਘ ਡਰ ਕਿਸ ਦਾ ਖਾਵਾਂ
ਮੇਰਾ ਰਾਖਾ ਭੈਣੀ ਵਾਲੜਾ ਮੈਂ ਸਦਕੇ ਜਾਂਵਾਂ

ਵਰਿਆਮ ਨੇ ਛੋਟੇ ਕੱਦ ਦਾ ਇਟਾਂ ਤੇ ਖੜਿਆ
ਪਾਂਉਣੀ ਏ ਸ਼ਹੀਦੀ ਉਹ ਜਿਦ ਤੇ ਸੀ ਔੜਿਆ
ਚੱਲ ਲਾ ਨਿਸ਼ਾਨਾ ਗੋਰਿਆ ਸੰਗੀਆਂ ਸੰਗ ਜਾਵਾ, ਮੇਰੇ ਅੰਗ ਸੰਗ........

ਬਿਸ਼ਨ ਸਿੰਘ ਸੀ ਕਾਵਨ ਨੂੰ ਦਾੜ੍ਹੀ ਤੋਂ ਫੜਿਆ
ਬੱਚਾ ਸੀ ਪਰ ਸ਼ੇਰ ਉਹ ਭੋਰਾ ਨਾ ਡਰਿਆ
ਮੈਂ ਸਿੰਘ ਹਾਂ ਚੀਨੀ ਵਾਲੇ ਦਾ ਤੈਨੂੰ ਯਾਦ ਕਰਾਵਾਂ, ਮੇਰੇ ਅੰਗ ਸੰਗ......

ਵਾਰੋ ਵਾਰੀ ਉਠ ਕੇ ਤੋਪਾਂ ਅਗੇ ਖੱੜ੍ਹਦੇ
ਗੁਰੂ ਨਾਨਕ ਦੀ ਬਾਣੀ ਸੀ ਬਾਕੀ ਦੇ ਪੱੜ੍ਹਦੇ
ਧੰਨ ਉਹ ਪੁਤੱਰ ਮਾਵਾਂ ਦੇ ਬਲਿਹਾਰੇ ਜਾਂਵਾਂ, ਮੇਰੇ ਅੰਗ ਸੰਗ.........

ਹੋ ਤੂੰਬਾਂ ਤੂੰਬਾਂ ਉਡੱਦੇ ਮਚ ਗਈ ਦੁਹਾਈ
ਚੜ੍ਹਦਾ ਸੂਰਜ ਡੁੱਬਿਆ ਖਲਕਤ ਘਬਰਾਈ
ਨਜ਼ਰ ਆਉਂਦਾ ਏ ਮੌਤ ਦਾ ਹਰ ਥਾਂ ਪ੍ਰਛਾਵਾਂ, ਮੇਰੇ ਅੰਗ ਸੰਗ.........

ਸੀ ਤੋਪਾਂ ਅਗੇ ਉਡ ਗਏ ਬੇ-ਦੋਸ਼ੇ ਕੂਕੇ
ਜਦੋ ਡਿਗਿਆ ਲਹੂ ਜ਼ਮੀਨ ਤੇ ਰਕੱੜ ਵੀ ਸੂਕੇ
ਧਰਤੀ ਮਾਤਾ ਆਖਦੀ ਕਿਥੇ ਮੁਖ ਛੁਪਾਵਾਂ, ਮੇਰੇ ਅੰਗ ਸੰਗ........

ਖੂਨੀ ਸਾਕਾ ਜੱਗ ਤੇ ਹੋਇਆ ਪਹਿਲੀ ਵਾਰੀ
ਹਾਰੇ ਨਾ ਗੁਰ ਸੂਰਮੇ ਅੱਜ ਹੋਣੀ ਹਾਰੀ
'ਜੀਤ' ਉਨ੍ਹਾਂ ਦੀ ਚਰਨ ਧੂੜ ਮੱਥੇ ਤੇ ਲਾਵਾਂ, ਮੇਰੇ ਅੰਗ ਸੰਗ........

ਮੇਰੇ ਅੰਗ ਸੰਗ ਸਤਿਗੁਰੂ ਰਾਮ ਸਿੰਘ ਡਰ ਕਿਸ ਦਾ ਖਾਵਾਂ
ਮੇਰਾ ਰਾਖਾ ਭੈਣੀ ਵਾਲੜਾ ਮੈਂ ਸਦਕੇ ਜਾਂਵਾਂ

ਸਾਕਾ ਅੰਮ੍ਰਿਤਸਰ ਦਾ

ਸੁਣੋ ਸੁਣਾਵਾਂ ਮੈਂ ਕਹਾਣੀ ਅੰਮ੍ਰਿਤਸਰ ਦਰਬਾਰ ਦੀ
ਤੱਕ ਕੇ ਹਾਲ ਸਰੋਵਰ ਦਾ ਦੁਨੀਆਂ ਸੀ ਭੁਬਾਂ ਮਾਰਦੀ

ਅੰਮ੍ਰਿਤਸਰ ਹੈ ਉਹ ਸਰੋਵਰ ਜੋ ਕਾਗੋਂ ਹੰਸ ਕਰੇਂਦਾ ਏ
ਦੁਖ ਭੰਜਨੀ ਬੇਰੀ ਦੇ ਥੱਲੇ ਦੁਖ ਜਨਮਾਂ ਦਾ ਲਹਿੰਦਾ ਏ
ਉਹਦੇ ਕੰਢੇ ਖੋਲਿਆ ਬੁਚੜਖਾਨਾ ਮੱਤ ਮਾਰੀ ਸਰਕਾਰ ਦੀ
ਸੁਣੋ ਸੁਣਾਵਾਂ ਮੈਂ ....

ਕਾਂ ਇੱਲਾ ਚੁਕ ਚੁਕ ਕੇ ਬੋਟੀਆਂ ਵਿਚ ਸਰੋਵਰ ਪਾਂਦੇ ਨੇ
ਸਿੰਘਾ ਦੇ ਦਿਲ ਵੇਖ ਵੇਖ ਇਹ ਕਿਵੇਂ ਸਹਿਨ ਕਰ ਜਾਂਦੇ ਨੇ
ਅੰਨ੍ਹੀ ਨ੍ਹੇਰੀ ਜ਼ੁਲਮ ਦੀ ਵੱਗਦੀ ਸੁਣਦਾ ਕੌਣ ਪੁਕਾਰ ਦੀ
ਸੁਣੋਂ ਸੁਣਾਵਾਂ ਮੈਂ ....

ਫਿਰ ਉਠੇ ਸਿੰਘ ਚੀਨੀ ਵਾਲੇ ਦੇ ਜੋ ਸੀਸ ਤਲੀ ਤੇ ਧਰਦੇ ਨੇ
ਜਦੋਂ ਦੇਸ਼ ਧਰਮ ਨੂੰ ਲੋੜ ਪਵੇ ਤਾਂ ਵਾਂਗ ਪਤੰਗੇ ਸੜ੍ਹਦੇ ਨੇ
ਜੋ ਗਊ ਗਰੀਬ ਦੇ ਰਾਖੇ ਖੁੰਡੀ ਕਰਨ ਧਾਰ ਤਲਵਾਰ ਦੀ
ਸੁਣੋ ਸੁਣਾਵਾਂ ਮੈਂ ....

ਜਿੰਨਾਂ ਚੁੰਮ ਚੁੰਮ ਰੱਸੇ ਫਾਂਸੀ ਦੇ ਗੁਲਾਮੀ ਦੇ ਬੰਧਨ ਤੋੜੇ ਨੇ
ਤੋਪਾਂ ਅਗੇ ਉੱਡ ਉੱਡ ਕੇ ਤੇ ਮੂੰਹ ਤੋਪਾਂ ਦੇ ਮੋੜੇ ਨੇ
ਸ਼ੇਰਾਂ ਵਾਂਗੂ ਗੱਜਦੇ ਨੇ ਘੰਡੀ ਤੋੜਨ ਹੰਕਾਰ ਦੀ
ਸੁਣੋ ਸੁਣਾਵਾਂ ਮੈਂ ....

ਸਿਰ ਗਊਆਂ ਦੇ ਕੱਟ ਕੱਟ ਕੇ ਜਿੰਨ੍ਹਾਂ ਹਾਹਾ ਕਾਰ ਮਚਾਇਆ ਸੀ
ਰੱਸੇ ਖੋਲ੍ਹੇ ਗਊਆਂ ਦੇ ਬੁਚੰੜਾ ਨੂੰ ਮਾਰ ਮੁਕਾਇਆ ਸੀ
ਜ਼ੁਲਮੀ ਦਾ ਕਰ ਅੰਤ ਨਾ ਕਰਨ ਗਲ ਇਨਕਾਰ ਦੀ
ਸੁਣੋ ਸੁਣਾਵਾਂ ਮੈਂ ....

ਐਸੇ ਸੂਰੇ ਧਰਮ ਦੇਸ਼ ਲਈ ਹੱਸ ਹੱਸ ਸੂਲੀ ਚੜਦੇ ਨੇ
ਚੰਨ ਸੂਰਜ ਵਾਂਗੂੰ ਰਹਿਣ ਚਮਕਦੇ 'ਜੀਤ' ਕਦੇ ਨਾ ਮਰਦੇ ਨੇ
ਗੁੜਤੀ ਦਿਤੀ ਹੋਈ ਜਿੰਨਾ ਨੂੰ ਚੀਨੀ ਦੇ ਅਸਵਾਰ ਦੀ

ਸੁਣੋ ਸੁਣਾਵਾਂ ਮੈ ਕਹਾਣੀ ਅੰਮ੍ਰਿਤਸਰ ਦਰਬਾਰ ਦੀ
ਤੱਕ ਕੇ ਹਾਲ ਸਰੋਵਰ ਦੀ ਦੁਨੀਆਂ ਸੀ ਭੁਬਾਂ ਮਾਰਦੀ

ਸਾਕਾ ਬਿਸ਼ਨ ਸਿੰਘ

ਮਲੇਰ ਕੋਟਲੇ ਦੀ ਧਰਤੀ ਨੂੰ ਲੱਖ ਲੱਖ ਸੀਸ ਨਿਵਾਂਵਾਂ
ਬਿਸ਼ਨ ਸਿੰਘ ਦੇ ਸਾਕੇ ਨੂੰ ਕਿਸ ਤਰ੍ਹਾਂ ਭੁਲ ਜਾਂਵਾਂ

ਉਹ ਅੱਣਖੀਲਾ ਬੀਰ ਜੋਧਾ ਕਿਸੇ ਅੱਣਖੀ ਮਾਂ ਦਾ ਜਾਇਆ
ਰਾਮ ਸਿੰਘ ਦਾ ਸਿੱਖ ਨਹੀ ਉਹ ਇਹ ਸੁਣ ਨਾ ਪਾਇਆ
ਨੀਵਾ ਹੋ ਬੋਲਿਆ ਮੈਂ ਤੇਰੇ ਕੰਨ ਵਿਚ ਆਖ ਸੁਣਾਵਾਂ
ਬਿਸ਼ਨ ਸਿੰਘ ਦੇ ਸਾਕੇ ਨੂੰ ਕਿਸ ਤਰ੍ਹਾਂ ਭੁਲ ਜਾਂਵਾਂ

ਕਾਵਨ ਨੂੰ ਦਾੜ੍ਹੀ ਤੋਂ ਫੜ੍ਹਿਆ ਵਾ ਉਏ ਬਲੀਆ ਸ਼ੇਰਾ
ਬੰਦ ਬੰਦ ਤੇਰਾ ਕੱਟ ਜਾਵੇ ਪਰ ਹੱਥ ਛੁੱਟੇ ਨਾ ਤੇਰਾ
ਫੇਰ ਕਦੇ ਇਹ ਗੱਲ ਨਾ ਆਖੀ ਤੈਨੂੰ ਨਾਨੀ ਯਾਦ ਕਰਾਵਾਂ
ਬਿਸ਼ਨ ਸਿੰਘ ਦੇ ਸਾਕੇ ਨੂੰ ਕਿਸ ਤਰ੍ਹਾਂ ਭੁਲ ਜਾਵਾਂ

ਹੋ ਗਏ ਹੱਥ ਜੁਦਾ ਗੁਟ ਤੋਂ ਪਰ ਹੱਥ ਨਾ ਦਾੜ੍ਹੀਓ ਛੁਟਿਆਂ
ਹੋ ਗਿਆ ਇੰਝ ਸ਼ਹੀਦ ਉਹ ਸੂਰਾ, ਪਰ ਕਦਮ ਪਿਛਾਂਹ ਨਾ ਪੁਟਿਆਂ
ਐਸੇ ਬੀਰ ਜੋਧਿਆ ਤੇ ਮੈਂ ਜਿੰਦੜੀ ਘੋਲ ਘੁਮਾਵਾਂ
ਬਿਸ਼ਨ ਸਿੰਘ ਦੇ ਸਾਕੇ ਨੂੰ ਕਿਸ ਤਰ੍ਹਾਂ ਭੁਲ ਜਾਂਵਾਂ

ਗਊ ਗਰੀਬ ਦੇ ਰਾਖੇ ਜੋ ਜਿੰਦ ਦੇਸ਼ ਧਰਮ ਤੋਂ ਵਾਰੇ
ਦੁਨੀਆਂ ਤੇ ਉਹ ਰਹਿਣ ਚਮਕਦੇ ਜਿਉ ਅਸਮਾਨੀ ਤਾਰੇ
ਜੀਤ ਉਨਾਂ ਦੇ ਦਰ ਤੇ ਜਾ ਕੇ ਨਿਤ ਮੈਂ ਪੁਰਬ ਮਨਾਂਵਾਂ

ਮਲੇਰ ਕੋਟਲੇ ਦੀ ਧਰਤੀ ਨੂੰ ਲੱਖ ਲੱਖ ਸੀਸ ਨਿਵਾਵਾਂ
ਬਿਸ਼ਨ ਸਿੰਘ ਦੇ ਸਾਕੇ ਨੂੰ ਕਿਸ ਤਰ੍ਹਾਂ ਭੁਲ ਜਾਂਵਾਂ

ਆਜਾਦੀ ਦਾ ਝੰਡਾ

ਝੰਡਾ ਆਜਾਦੀ ਦਾ ਜੋ ਅੱਜ ਲਹਿਰੌਂਦਾ ਏ
ਇਹਦਾ ਹਰ ਰੰਗ ਚੀਨੀ ਵਾਲੇ ਦੇ ਹੀਤ ਗਾਊਂਦਾ ਏ

ਸ਼ਾਤੀ ਦਾ ਰੰਗ ਜਿਹਨੂੰ ਜੱਗ ਨੇ ਵਿਸਾਰਿਆ
ਗੁਰੂ ਰਾਮ ਸਿੰਘ ਉਹੀਉ ਆਪਣੇ ਤੇ ਧਾਰਿਆ
ਲਾਲ ਕਿਲ੍ਹੇ ਅੱਜ ਉਹ ਸ਼ਾਨ ਵਧਾਉਂਦਾ ਏ.
ਝੰਡਾ ਅਜਾਦੀ ਦਾ.........

ਗੁਰੂ ਰਾਮ ਸਿੰਘ ਜਿਹੜੀ ਲਹਿਰ ਚਲਾਈ ਸੀ
ਉਹੀਓ ਫੇਰ ਲਹਿਰ ਬਾਪੂ ਗਾਂਧੀ ਅਪਣਾਈ ਸੀ
ਤਾਂਹੀਓ ਅੱਜ ਭਾਰਤ ਅਜ਼ਾਦ ਕਹਿਲਾਉਂਦਾ ਹੈ.
ਝੰਡਾ ਅਜ਼ਾਦੀ ਦਾ.........

ਦੇਸ਼ ਦੇ ਪ੍ਰੇਮੀਆ ਅਜ਼ਾਦੀ ਦੇ ਦੀਵਾਨਿਆਂ
ਕੇਸਰੀ ਜੋ ਰੰਗ ਦਿਤਾ ਤੇਰੇ ਪ੍ਰਵਾਨਿਆਂ
ਹਰਾ ਰੰਗ ਹਰਿਆਲੀ ਦੇ ਸੋਹਲੇ ਤੇਰੇ ਗਾਂਉਂਦਾ ਏ.
ਝੰਡਾ ਅਜ਼ਾਦੀ ਦਾ.........

ਤੋਪਾਂ ਅਗੇ ਉਡੇ ਕੂਕੇ ਇਸ ਝੰਡੇ ਦੀ ਖਾਤਿਰ
ਗਊ ਗਰੀਬ ਦੀ ਰਖਿਆ ਦੇ ਲਈ ਜਾਨਾ ਦੇ ਗਏ ਆਖਿਰ
ਭਾਰਤ ਮਾਂ ਦੀ ਸ਼ਾਨ ਸਰਹੱਦਾਂ ਤੇ ਲਹਿਰਾਂਉਂਦਾ ਏ.
ਝੰਡਾ ਅਜ਼ਾਦੀ ਦਾ.........

ਰਾਮ ਪ੍ਰਤਾਪ ਜਗਜੀਤ ਚ ਸਮਾ ਗਿਆ
ਪਿਆਰਾ ਜਗਜੀਤ ਜੱਗ ਤਾਰਨੇ ਨੂੰ ਆ ਗਿਆ
'ਜੀਤ' ਨਿਰਾਲੇ ਚੋਜ ਜੱਗ ਨੂੰ ਵਿਖਾਉਂਦਾ ਏ.
ਝੰਡਾ ਅਜ਼ਾਦੀ ਦਾ.......

ਝੰਡਾ ਆਜਾਦੀ ਦਾ ਜੋ ਅੱਜ ਲਹਿਰੌਂਦਾ ਏ
ਇਹਦਾ ਹਰ ਰੰਗ ਚੀਨੀ ਵਾਲੇ ਦੇ ਗੀਤ ਗਾਊਂਦਾ ਏ

ਧੰਨ ਗੁਰੂ ਹਰੀ ਸਿੰਘ ਜੀ

ਧੰਨ ਗੁਰੂ ਹਰੀ ਸਿੰਘ ਧੰਨ ਸੀ ਤੂੰ ਦਾਤਿਆ
ਅਪਣੇ ਤੂੰ ਲੇਖ ਲਿਖੇ ਜੱਗ ਤੋਂ ਨਿਆਰੇ ਨੇ
ਬ੍ਰਿਹਾਂ ਦੀ ਭੱਠੀ ਵਿਚ ਖੁਦ ਰਹਿਓ ਤਪਦਾ
ਤੱਪ ਦੇ ਕਲੇਜੇ ਸਦਾ ਦੂਜਿਆਂ ਦੇ ਠਾਰੇ ਨੇ

ਟੂਰਿਆ ਸੀ ਜਦੋਂ ਚੀਨੀ ਵਾਲਾ ਪ੍ਰਦੇਸ ਨੂੰ
ਅਪਣਾ ਤੂੰ ਦਿਲ ਉਦੋ ਕਿੰਝ ਸੀ ਖਲ੍ਹਾਰਿਆ
ਅਪਣੀਆਂ ਅੱਖੀਆਂ ਦਾ ਨੂਰ ਰੋ ਰੋ ਚੂਰ ਹੋਇਆ
ਪੰਥ ਦੀਆਂ ਅੱਖੀਆਂ ਦੇ ਨੂਰ ਨੂੰ ਸੰਭਾਲਿਆਂ
ਤੇਰੀ ਸਹਿਨ ਸ਼ੀਲਤਾ ਦੇ ਅਗੇ ਮੇਰੇ ਦਾਤਿਆ
ਵੈਰੀਆਂ ਦੇ ਖੁੰਢੇ ਪੈ ਗਏ ਸ਼ਸਤਰ ਵੀ ਸਾਰੇ ਨੇ
ਧੰਨ ਗੁਰੂ ਹਰੀ ਸਿੰਘ..............

ਅੰਨੀ ਹਨ੍ਹੇਰੀ ਝੱਖੜ ਝੁਲਦੇ ਜ਼ੁਲਮ ਵਾਲੇ
ਧੱਕੇ ਸ਼ਾਹੀ ਬੇ-ਇਨਸਾਫ਼ੀ ਚੋ ਪੰਥ ਨੂੰ ਬਚਾਣ ਵਾਲੇ
ਸ਼ਾਤ ਮਹਾਂ ਸਾਗਰੋਂ ਗੰਭੀਰ ਤੋਂ ਅਡੋਲ
ਹਿਰਦਾ ਵਿਸ਼ਾਲ ਮੀਂਹ ਰਹਿਮਤਾਂ ਦੇ ਪਾਣ ਵਾਲੇ
ਤਾਨਿਆਂ ਤੇ ਮਿਣਿਆਂ ਨੂੰ ਮਿਸ਼ਰੀ ਜਾਣ ਘੋਲ ਪੀਤਾ
ਬੋਲ ਕਬੋਲ ਸਭ ਹੱਸ ਕੇ ਸਹਾਰੇ ਨੇ
ਧੰਨ ਗੁਰੂ ਹਰੀ ਸਿੰਘ..............

ਪਿਤਾ ਜੱਸਾ ਸਿੰਘ ਮਾਤਾ ਸਦਾ ਕੌਰ ਜੀ ਦੇ ਘਰ
ਫਿਰ ਬਣ ਰਾਮ ਜੀ ਦੇ ਛੋਟੇ ਵੀਰ ਆ ਗਏ
ਤ੍ਰੇਤੇ ਵਿਚ ਭਰਤ ਮਿਲਾਪ ਤੇਰਾ ਹੋ ਗਿਆ
ਇਸ ਵਾਰ ਰਾਮ ਸ਼ਾਇਦ ਤੈਨੂੰ ਵੀ ਭੁਲਾ ਗਏ
ਭੁਲ ਗਿਆ ਚੇਤਾ ਉਹ ਸਮਾਧੀ ਲਾ ਬਹਿ ਗਿਆ
ਆਪਣੇ ਪਿਆਰੇ 'ਜੀਤ' ਇੰਝ ਕਿਉਂ ਵਿਸਾਰੇ ਨੇ

ਧੰਨ ਗੁਰੂ ਹਰੀ ਸਿੰਘ ਧੰਨ ਸੀ ਤੂੰ ਦਾਤਿਆ
ਅਪਣੇ ਤੂੰ ਲੇਖ ਲਿਖੇ ਜੱਗ ਤੋਂ ਨਿਆਰੇ ਨੇ
ਬ੍ਰਿਹਾਂ ਦੀ ਭੱਠੀ ਵਿਚ ਖੁਦ ਰਹਿਓ ਤਪਦਾ
ਤੱਪ ਦੇ ਕਲੇਜੇ ਸਦਾ ਦੂਜਿਆਂ ਦੇ ਠਾਰੇ ਨੇ

ਧਰਤੀ ਭੈਣੀ ਸਾਹਿਬ ਦੀ

ਧਰਤੀ ਇਹ ਭੈਣੀ ਸਾਹਿਬ ਦੀ ਏਹ ਦੀ ਮਹਿਮਾਂ ਕਹੀ ਨਾ ਜਾਏ
ਰਾਮਸਰ ਕਰ ਇਸ਼ਨਾਨ ਸਭ ਤੀਰਥਾਂ ਦਾ ਫਲ ਮਿਲ ਜਾਏ

ਏਥੇ ਤਾਰਨ ਆ ਗਏ ਸਨ ਮੇਰੇ ਸਤਿਗੁਰ ਚੀਨੀ ਵਾਲੇ
ਗਊ ਗਰੀਬ ਦੇ ਦੁਖ ਹਰਨ ਲਈ ਬਣ ਬੈਠੇ ਰਖਵਾਲੇ
ਨਾਰਾ ਲਾਇਆ ਆਜ਼ਾਦੀ ਦਾ ਦੇਸ਼ ਅਜ਼ਾਦ ਕਹਾਏ
ਧਰਤੀ ਇਹ ਭੈਣੀ ਸਾਹਿਬ ਦੀ................

ਗੁਰੂ ਹਰੀ ਸਿੰਘ ਟਾਕਰਾ ਕੀਤਾ ਜ਼ੁਲਮ ਤੇ ਅਤਿਆਚਾਰੀ ਦਾ
ਭੈਣੀ ਸਾਹਿਬ ਤੱਪਸਿਆ ਕਰਕੇ ਤੋੜਿਆ ਮਾਣ ਹੰਕਾਰੀ ਦਾ
ਸ਼ਾਤੀ ਸਰੂਪ ਬਣਕੇ ਉਨਾਂ ਮੀਂਹ ਰਹਿਮਤਾਂ ਦੇ ਪਾਏ
ਧਰਤੀ ਇਹ ਭੈਣੀ ਸਾਹਿਬ ਦੀ................

ਵੱਡ ਪ੍ਰਤਾਪੀ ਭੈਣੀ ਸਾਹਿਬ ਅਵਤਾਰ ਜਦੋਂ ਸੀ ਧਾਰਿਆ
ਡੁੱਬਦੀ ਬੇੜੀ ਪੰਥ ਦੀ ਲਾ ਨਾਮ ਦਾ ਚੱਪੂ ਪਲਾਰਿਆ
ਡੇਰਾ ਲਾ ਕੇ ਬੈਠੇ ਗੋਰੇ ਉਨਾਂ ਫੜ ਖੂੰਡੇ ਨਾਲ ਦੁੜਾਏ
ਧਰਤੀ ਇਹ ਭੈਣੀ ਸਾਹਿਬ ਦੀ................

ਭੈਣੀ ਸਾਹਿਬ ਅਵਤਾਰ ਧਾਰਿਆ ਗੁਰੂ ਜਗਜੀਤ ਪਿਆਰੇ
ਜਗ ਤਾਰਨ ਲਈ ਆ ਗਿਆ ਇਹਦੇ ਸੱਭ ਚੋਜ ਨਿਆਰੇ
ਸਾਂਵਲੀ ਸੂਰਤ ਮੋਹਣੀ ਮੂਰਤ ਅੱਜ ਜਗਜੀਤ ਕਹਾਏ
ਧਰਤੀ ਇਹ ਭੈਣੀ ਸਾਹਿਬ ਦੀ................

ਰਾਮ ਦੀ ਸ਼ਕਤੀ ਹਰੀ ਦੀ ਭਗਤੀ ਤੇਜ ਏ ਵੱਡ ਪ੍ਰਤਾਪੀ ਦਾ
ਸ਼ਾਨ ਨਿਰਾਲੀ ਪੰਥ ਦਾ ਵਾਲੀ ਕਹਿਣਾ ਕੀ ਸਰਬ ਵਿਆਪੀ ਦਾ
ਦੁਖ ਜਿੰਨੇ ਝੱਲੇ ਪੰਥ ਨੇ ਇਹਨੇ ਸੁਖ ਦਿਤੇ ਦੂਣ ਸਵਾਏ
ਧਰਤੀ ਇਹ ਭੈਣੀ ਸਾਹਿਬ ਦੀ................

ਤ੍ਰੇਤੇ ਵਿਚ ਏਥੇ ਰਾਮ ਚੰਦਰ ਬਨਵਾਸ ਦੇ ਦਿਨ ਗੁਜ਼ਾਰੇ ਨੇ
ਹੱਥੀਂ ਲਾਏ ਚੀਨੀ ਵਾਲੇ ਜੀਤ ਇਹ ਬੋਹੜ ਨਿਆਰੇ ਨੇ
ਭੈਣੀ ਸਾਹਿਬ ਦਾ ਨਾਂ ਦੁਨੀਆ ਤੇ ਚੰਨ ਵਾਂਗ ਰੁਸ਼ਨਾਏ

ਧਰਤੀ ਇਹ ਭੈਣੀ ਸਾਹਿਬ ਦੀ ਏਹ ਦੀ ਮਹਿਮਾ ਕਹੀ ਨਾ ਜਾਏ
ਰਾਮਸਰ ਕਰ ਇਸ਼ਨਾਨ ਸਭ ਤੀਰਥਾਂ ਦਾ ਫੱਲ ਮਿਲ ਜਾਏ

ਤੇਰਾ ਪ੍ਰਤਾਪ ਸੀ ਨਗੀਨੇ ਵਾਂਗੂੰ ਦੱਗਦਾ

ਗੁਰੂ ਪ੍ਰਤਾਪ ਜੀਉ ਵੱਡੇ ਪ੍ਰਤਾਪ ਵਾਲੇ
ਤੇਰਾ ਪ੍ਰਤਾਪ ਸੀ ਨਗੀਨੇ ਵਾਂਗੂੰ ਦਗਦਾ
ਨਾਮਧਾਰੀ ਤੈਨੂੰ ਮਹਿਬੂਬ ਯਾਰ ਆਖਦੇ
ਪਰ ਸੀ ਤੂੰ ਦਾਤਿਆ ਦਾਤਾਰ ਸਾਰੇ ਜੱਗ ਦਾ

ਰਾਤ ਪੰਜ ਭਾਂਦਰੋਂ ਦੀ ਕਿੰਜ ਮੈਂ ਬਿਆਨ ਕਰਾਂ
ਚਾਨਣਾਂ ਜਹਾਨ ਦਾ ਸੀ ਜਿਸ ਨੇ ਛੁਪਾ ਲਿਆ
ਚੰਦਰੀਏ ਭੈੜੀਏ ਤੂੰ ਕੁਝ ਮੂੰਹੋਂ ਬੋਲ ਤਾਂ ਸਹੀ
ਵੱਡੇ ਪ੍ਰਤਾਪ ਵਾਲਾ ਕਿੰਜ ਭਰਮਾ ਲਿਆ
ਗਸ਼ ਖਾ ਕੇ ਡਿਗ ਪਈ ਨਾ ਰਹੀ ਸੁਧ ਬੁੱਧ ਕੋਈ
ਵੇਖਿਆ ਸੀ ਜਦੋਂ ਮੈਂ ਅੰਗੀਠਾ ਉਹਦਾ ਭਖਦਾ, ਗੁਰੂ ਪ੍ਰਤਾਪ ਜੀਉ........

ਹੋਈ ਹਾਲ ਤੋਂ ਬੇ-ਹਾਲ ਖੁਲ੍ਹੇ ਗਲ ਵਿਚ ਵਾਲ
ਅੱਖਾਂ ਹੋਈਆਂ ਰੋ ਰੋ ਲਾਲ ਨੈਣੀ ਨੀਂਦ ਵੀ ਨਹੀਂ ਆਂਵਦੀ
ਸਹਿਆ ਜਾਏ ਨਾ ਵਿਛੋੜਾ ਪਹਿਲੇ ਜਿਗਰ ਚ ਫੋੜਾ
ਦਿਨੇ ਰਾਤ ਇਹੋ ਝੋਰਾ ਕੋਈ ਗੱਲ ਨਹੀਂਓ ਭਾਂਵਦੀ
ਚੜ੍ਹਿਆਂ ਭਾਦਰੋਂ ਮਹੀਨਾ ਸਾਡਾ ਪਾੜ ਗਿਆ ਸੀਨਾ
ਖ੍ਰਿਹਾਂ ਕਲੇਜਾ ਸਾਡਾ ਚੀਰ ਚੀਰ ਚੱਖਦਾ, ਗੁਰੂ ਪ੍ਰਤਾਪ ਜੀਉ...........

ਰਾਮਸਰ ਦੇ ਕਿਨਾਰੇ ਲਾਵੇ ਆਸਾ ਜੀ ਦੇ ਵਾਰੇ
ਅੱਜ ਉਹਦੇ ਕੰਢਿਆਂ ਤੇ ਛਾਂਈਆਂ ਨੇ ਵੀਰਾਨੀਆਂ
ਚੁਕ ਚੁਕ ਬੂਥੀਆਂ ਵੀ ਗਊਆਂ ਅੱਜ ਵਿਹਦੀਆਂ ਨੇ
ਕਿਧਰ ਗਿਆਂ ਏ ਤੂੰ ਮੱਥਰਾ ਦੇ ਜਾਨੀਆਂ
ਗਊਆਂ ਦੇ ਗੋਪਾਲ ਤੇਰੀ 'ਜੀਤ' ਗਈ ਏ ਹਾਰ
ਲੱਭਦਾ ਨਹੀਂ ਤੋੜ ਅੱਜ ਕਿਤੇ ਤੇਰੀ ਦੇਖਦਾ, ਗੁਰੂ ਪ੍ਰਤਾਪ ਜੀਉ........

ਗੁਰੂ ਪ੍ਰਤਾਪ ਜੀਓ ਵੱਡੇ ਪ੍ਰਤਾਪ ਵਾਲੇ
ਤੇਰਾ ਪ੍ਰਤਾਪ ਸੀ ਨਗੀਨੇ ਵਾਂਗੂੰ ਦਗਦਾ
ਨਾਮਧਾਰੀ ਤੈਨੂੰ ਮਹਿਬੂਬ ਯਾਰ ਆਖਦੇ
ਪਰ ਸੀ ਤੂੰ ਦਾਤਿਆ ਦਾਤਾਰ ਸਾਰੇ ਜੱਗ ਦਾ

ਦਸਾਂ ਕੀ ਮੈਂ ਹਾਲ

ਦਸਾਂ ਕੀ ਮੈਂ ਹਾਲ ਵੇਖੋ ਬੀਤ ਗਏ ਨੇ ਕਈ ਸਾਲ
ਜਾਪਦਾ ਏ ਕੱਲ ਅਜੇ ਹੋਈਆ ਸੀ ਤਿਆਰੀਆਂ
ਗਊਆਂ ਦੇ ਗੋਪਾਲ ਸਾਡਾ ਰਿਣੀ ਰਹਿਣਾ ਵਾਲ ਵਾਲ
ਗੁਰੂ ਪ੍ਰਤਾਪ ਸਿੰਘ ਤੇਥੋਂ ਬਲਹਾਰੀਆਂ

ਕੋਈ ਦਸੋ ਗਿਆ ਕਿਥੇ ਕ੍ਰਿਸ਼ਨ ਮੁਰਾਰ ਸਾਡਾ
ਕਿਧਰ ਗਿਆ ਏ ਦਿਲਦਾਰ ਗਮ ਖਾਰ ਸਾਡਾ
ਦੁਖੀਆਂ ਲਈ ਉਹਦੇ ਦਿਲ ਰਹਿਮਤਾਂ ਸੀ ਸਾਰੀਆ,
ਗੁਰੂ ਪ੍ਰਤਾਪ ਸਿੰਘ.....

ਕੋਈ ਉਹਨੂੰ ਖੂੰਡੇ ਵਾਲਾ ਆਖ ਕੇ ਪੁਕਾਰ ਦਾ
ਕਿਸੇ ਕਿਹਾ ਯੋਗੀ ਉਹਨੂੰ ਰਾਮ ਦੇ ਦੀਦਾਰ ਦਾ
ਗਮਾਂ ਵਿਚ ਡੁੱਬੀਆਂ ਰੂਹਾਂ ਸੀ ਉਬਾਰੀਆਂ,
ਗੁਰੂ ਪ੍ਰਤਾਪ ਸਿੰਘ....

ਵੱਡ ਦੇ ਘਲੂਘਾਰੇ ਦੇ ਵਿਚ ਕੀ ਕੀ ਕਹਿਰ ਸੀ ਹੋਇਆ
ਆਪਣਿਆਂ ਸਿੱਖਾਂ ਅਗੇ ਸੀ ਉਹ ਬਣ ਕੇ ਥੰਮ ਖਲੋਇਆ
ਵੰਡੀਆਂ ਅਨਾਥਾਂ ਨੂੰ ਸੀ ਸਭੇ ਸਰਦਾਰੀਆ,
ਗੁਰੂ ਪ੍ਰਤਾਪ ਸਿੰਘ....

ਬੁਝਣੇ ਨਹੀ ਬੁਝਾਇਆ ਵੀ ਜੋ ਭਾਬੜ ਦਿਲ ਵਿਚ ਬਾਲੇ ਨੇ
ਤਾਰੇ ਨਹੀ ਏ 'ਜੀਤ' ਚਮਕੱਦੇ ਮੇਰੇ ਦਿਲ ਦੇ ਛਾਲੇ ਨੇ
ਭੁਲਦੀਆਂ ਨਹੀਓਂ ਸਾਨੂੰ ਪਿਆਰ ਦੁਲਾਰੀਆਂ,
ਗੁਰੂ ਪ੍ਰਤਾਪ ਸਿੰਘ....

ਦਸਾਂ ਕੀ ਮੈਂ ਹਾਲ ਵੇਖੋ ਬੀਤ ਗਏ ਨੇ ਕਈ ਸਾਲ
ਜਾਪਦਾ ਏ ਕੱਲ ਅਜੇ ਹੋਈਆ ਸੀ ਤਿਆਰੀਆਂ
ਗਊਆਂ ਦੇ ਗੋਪਾਲ ਸਾਡਾ ਰਿਣੀ ਰਹਿਣਾ ਵਾਲ ਵਾਲ
ਗੁਰੂ ਪ੍ਰਤਾਪ ਸਿੰਘ ਤੈਥੋਂ ਬਲਹਾਰੀਆਂ

ਪੰਜ ਭਾਦਰੋਂ

ਦਿਨ ਪੰਜ ਭਾਦਰੋਂ ਦਾ ਕਹਿਰ ਅੱਜ ਢਾ ਗਿਆ
ਸਾਰੇ ਹੀ ਜਹਾਨ ਉਤੇ ਮਾਤਮ ਹੈ ਛਾ ਗਿਆ

ਚੜਨਾਂ ਨਹੀ ਚੰਨ ਠੰਡੀਆ ਰਿਸ਼ਮਾਂ ਵਰਸਾਣ ਵਾਲਾ
ਲੱਭਣਾ ਨਹੀਂ ਮੁੱੜ ਕੇ ਸਾਨੂੰ ਉਜੜੇ ਵਸਾਣ ਵਾਲਾ
ਦੁਖੜੇ ਮਿਟਾਣ ਵਾਲਾ ਦੁਖਾਂ ਵਿਚ ਪਾ ਗਿਆ.
ਦਿਨ ਪੰਜ ਭਾਦਰੋਂ.........

ਗੁਰੂ ਪ੍ਰਤਾਪ ਅੱਜ ਛੱਡ. ਕੇ ਹੈ ਟੁਰਿਆ
ਵਾਸਤੇ ਮੈਂ ਪਾਵਾਂ ਮੇਰੇ ਦਾਤਿਆ ਤੂੰ ਮੁੜਿਆ
ਵੇਖ ਕੇ ਹਨੇਰਾ ਅੱਜ ਚੰਨ ਘਬਰਾ ਗਿਆ.
ਦਿਨ ਪੰਜ ਭਾਦਰੋਂ..........

ਮਰਿਆ ਨਾ ਜਾਵੇ ਅੱਜ ਸਾਥੋਂ ਤੇਰੇ ਨਾਲ ਵੇ
ਰਾਮ ਵਿਯੋਗੀਆਂ ਦਾ ਕਰ ਲੈ ਖਿਆਲ ਵੇ
ਬ੍ਰਿਹੋ ਦੀ ਅੱਗ ਉਤੇ ਤੇਲ ਹੋਰ ਪਾ ਗਿਆ.
ਦਿਨ ਪੰਜ ਭਾਦਰੋਂ..........

ਕੀਤਾ ਸੀ ਕਰਾਰ ਚੀਨੀ ਵਾਲੇ ਨੂੰ ਮਿਲਾਣ ਦਾ
ਪੰਥ ਵਾਲੀ ਡੋਰ ਉਹਦੇ ਹੱਥ ਚ ਫੜਾਣ ਵੇ
ਕੀਤੇ ਹੋਏ ਵਾਇਦੇ ਅੱਜ ਕਿਜੇਂ ਤੂੰ ਭੁਲਾ ਗਿਆ.
ਦਿਨ ਪੰਜ ਭਾਦਰੋਂ..........

ਪੋਣਾਂ ਨੇ ਵੀਰਾਗੀਆਂ ਖਾਮੋਸ਼ੀ ਸਾਰੇ ਛਾਈ ਏ
ਦੁਨੀਆਂ ਦੀ ਜਾਨ 'ਜੀਤ' ਮੁਠੀ ਵਿਚ ਆਈ ਏ
ਵੱਡੇ ਪ੍ਰਤਾਪ ਵਾਲਾ ਮੁੱਖੜਾ ਛੁਪਾ ਗਿਆ

ਦਿਨ ਪੰਜ ਭਾਦਰੋਂ ਦਾ ਕਹਿਰ ਅੱਜ ਢਾ ਗਿਆ
ਸਾਰੇ ਹੀ ਜਹਾਨ ਉਤੇ ਮਾਤਮ ਹੈ ਛਾ ਗਿਆ

ਕੀ ਸਿਫਤ ਕਰਾਂ ਪ੍ਰਤਾਪੀ ਦੀ

ਕਰਾਂ ਸਿਫਤ ਕੀ ਵੱਡ ਪ੍ਰਤਾਪੀ ਦੀ
ਹਰ ਦਿਲ ਵਿਚ ਉਸ ਦਾ ਪਿਆਰ ਵੀ ਏ
ਕੀ ਸਮਝਾਂ ਉਸ ਦੀਆਂ ਰਮਚਾਂ ਨੂੰ
ਉਹ ਜੱਗ ਦਾ ਪਾਲਣ ਹਾਰ ਵੀ ਏ

ਜਦੋਂ ਗੋਰੇ ਜ਼ੁਲਮ ਕਮਾਇਆ ਸੀ ਪ੍ਰਭ ਭੈਣੀ ਸਾਹਿਬ ਪ੍ਰਗਟਾਇਆ ਸੀ
ਦਰ ਖੁਲ੍ਹ ਗਏ ਉਸ ਦੇ ਬਖਸ਼ਸ ਦੇ ਐਧਿਆਰ ਅੰਦਰ ਉਜੀਆਰ ਵੀ ਏ

ਜਦੋਂ ਵੰਡ ਹੋਈ ਹਿੰਦ ਪਾਕ ਦੀ ਸੀ ਹਰ ਪਾਸੇ ਮੌਤ ਹੀ ਝਾਕ ਦੀ ਸੀ
ਦੁਖੀਆਂ ਨੂੰ ਸੀਨੇ ਨਾਲ ਲਾਇਆ ਦਿਤਾ ਹਰ ਇਕ ਨੂੰ ਘਰ ਬਾਰ ਵੀ ਏ

ਪੰਜ ਭਾਦਰੋ ਦੀ ਨਾ ਰਾਤ ਆਂਉਦੀ ਸਦਾ ਵਾਂਗ ਹੱਸਦੀ ਪ੍ਰਭਾਤ ਆਉਂਦੀ
ਨਾ ਵਿਛੜਦਾ ਵੱਡ ਪ੍ਰਤਾਪ ਕਦੇ ਭਗਵਾਨ ਵੀ ਏ ਮੇਰਾ ਯਾਰ ਵੀ ਏ

ਛੱਡ ਟੁਰਿਆਂ ਰੋਂਦੀਆਂ ਅੱਖੀਆਂ ਨੂੰ ਬ੍ਰਿਹਾ ਵਿਚ ਸੜਦੀਆਂ ਸਖੀਆਂ ਨੂੰ
ਮਿਲਾਂਵਾਂਗਾ ਚੀਨੀ ਵਾਲੇ ਨੂੰ ਕੁਝ ਯਾਦ ਨਹੀ ਕੁਝ ਯਾਦ ਵੀ ਏ

ਜਿਨਾਂ ਚਿਰ ਜੀਣਾ ਜੀ ਲਾਂਗੇ ਹੰਝੂ ਅੰਮ੍ਰਿਤ ਜਾਣ ਕੇ ਪੀ ਲਾਂਗੇ
ਤੇਰਾ ਪਿਆਰ ਕਦੇ ਵੀ ਭੁਲਣਾ ਨਹੀ ਹਰ ਦਿਲ ਤੇ ਜੀਤ, ਉਪਕਾਰ ਵੀ ਏ

ਕਰਾਂ ਸਿਫਤ ਕੀ ਵੱਡ ਪ੍ਰਤਾਪੀ ਦੀ
ਹਰ ਦਿਲ ਵਿਚ ਉਸ ਦਾ ਪਿਆਰ ਵੀ ਏ
ਕੀ ਸਮਝਾ ਉਸ ਦੀਆਂ ਰਮਝਾਂ ਨੂੰ
ਉਹ ਜੱਗ ਦਾ ਪਾਲਣ ਹਾਰ ਵੀ ਏ

ਤੇਰੇ ਚੌਜ ਨਿਆਰੇ ਨੇ

ਗੁਰੂ ਪ੍ਰਤਾਪ ਪਿਆਰੇ ਤੇਰੇ ਨੇ ਚੋਜ ਨਿਆਰੇ
ਤੂੰਹੀਓਂ ਅਪਣੇ ਨੂਰੀ ਜਲਵੇ ਸੰਗਤਾਂ ਵਿਚ ਖਲਾਰੇ

ਜਿਹਨੂੰ ਤੇਰਾ ਇਕ ਵਾਰੀ ਦੀਦਾਰ ਹੋ ਗਿਆ
ਗੇੜ ਚੁਰਾਸੀ ਵਾਲੇ ਤੋਂ ਉਹ ਪਾਰ ਹੋ ਗਿਆ
ਜੀਵਨ ਮਾਂ ਦੀ ਅੱਖ ਦੇ ਤਾਰੇ, ਗੁਰੂ ਹਰੀ ਸਿੰਘ ਦੇ ਦੁਲਾਰੇ
ਜੋ ਅਸਮਾਨੀ ਤਾਰੇ ਦਿਸਦੇ ਤੇਰੇ ਹੀ ਝਲਕਾਰੇ
ਤੂਹੀਓਂ ਅਪਣੇ........

ਗਊਆਂ ਦੇ ਰਖਵਾਲੇ ਧਰਮ ਨੂੰ ਪਾਲਣ ਵਾਲਿਆ
ਦੇਸ਼ ਕੌਮ ਲਈ ਅਪਣਾ ਜੀਵਨ ਘਾਲਣ ਵਾਲਿਆ
ਤੇਰੇ ਸਨ ਖੁਲੇ ਦੁਆਰੇ, ਤੂੰ ਬਖਸ਼ੇ ਗਊ ਹਤਿਆਰੇ
ਤੂੰ ਰੱਖਿਆ ਮਾਣ ਨਿਮਾਣੇ ਦਾ ਤੇ ਡੁੱਬ ਦੇ ਤਾਰੇ
ਤੂਹੀਓਂ ਅਪਣੇ.....

ਤੂੰ ਲੱਖਾਂ ਕਰਵਾਏ ਪਾਠ ਚੀਨੀ ਅਸਵਾਰ ਲਈ
ਕਈ ਹੋਮ ਯੱਗ ਕੀਤੇ ਉਸ ਦੇ ਦੀਦਾਰ ਲਈ
ਵਰਸਣ ਸਾਡੇ ਨੈਣ ਵੀਚਾਰੇ, ਹੋਣੇ ਨਹੀ ਹੁਣ ਦੀਦਾਰੇ
ਕੀਤਾ ਕਿਹੜੇ ਦੇਸ ਬਸੇਰਾ ਖੋਜੀ ਲੱਭਦੇ ਹਾਰੇ
ਤੂੰਹੀਓਂ ਅਪਣੇ..........

ਸਾਨੂੰ ਤੂੰ ਜਗਜੀਤ ਦੇ ਨੈਣੀ ਹੱਸਦਾ ਜਾਪਦੈ
ਉਹਦੇ ਰੋਮ ਰੋਮ ਚ, ਖਿੜਦਾ ਤੇ ਵਸਦਾ ਜਾਪਦੈ
'ਜੀਤ' ਮਿਠੇ ਸ਼ਬਦ ਉਚਾਰੇ ਜਾਪਣ ਤੇਰੇ ਬੱਚਨ ਪਿਆਰੇ
ਆਵੇ ਸੁਚੀ ਸੁਚੀ ਖੁਸ਼ਬੋ ਸੋਚਾ ਨਾਲ ਸ਼ਿੰਗਾਰੇ

ਗੁਰੂ ਪ੍ਰਤਾਪ ਪਿਆਰੇ ਤੇਰੇ ਸਨ ਚੋਜ਼ ਨਿਆਰੇ
ਤੂੰ ਤੂੰਹੀਓਂ ਅਪਣੇ ਨੂਰੀ ਜਲਵੇ ਸੰਗਤਾਂ ਵਿਚ ਖਲਾਰੇ

ਵੱਡੇ ਪ੍ਰਤਾਪ ਵਾਲਿਆਂ

ਨਹੀਂ ਭੁਲਣੇ ਤੇਰੇ ਉਪਕਾਰ ਵੱਡੇ ਪ੍ਰਤਾਪ ਵਾਲਿਆਂ
ਰੁੜੀ ਜਾਂਦੀ ਬੇੜੀ ਜਦੋਂ ਵੇਖੀ ਪੰਥ ਖਾਲਸੇ ਦੀ
ਚੱਪੂ ਲਾ ਕੇ ਨਾਮ ਵਾਲਾ ਪਾਰ ਤੂੰ ਲਗਾ ਲਿਆ
ਵੱਡੇ ਪ੍ਰਤਾਪ ਵਾਲਿਆਂ............

ਤੋਪਾਂ ਅਗੇ ਉਡੇ ਕੂਕੇ ਗਊ ਤੇ ਗਰੀਬਾਂ ਲਈ
ਗੱਡੇ ਬੈਠਾ ਚੀਨੀ ਵਾਲਾ ਦੇਸ਼ ਦੇ ਨਸੀਬਾਂ ਲਈ
ਭੈਣੀ ਸਾਹਿਬ ਡੇਰਾ ਆ ਕੇ ਗੋਰਿਆਂ ਨੇ ਲਾ ਲਿਆ
ਵੱਡੇ ਪ੍ਰਤਾਪ ਵਾਲਿਆਂ.............

ਨਾਮ ਬਾਣੀ ਹੋਮ ਯੱਗ ਵੈਰੀਆਂ ਨੇ ਬੰਦ ਕੀਤਾ
ਗੁਰੂ ਹਰੀ ਸਿੰਘ ਤਾਂਈ ਦੁਸ਼ਟਾਂ ਨੇ ਤੰਗ ਕੀਤਾ
ਜੀਵਣ ਕੌਰ ਮਾਤਾ ਬੜਾ ਕਸ਼ਟ ਸਹਾਰਿਆ
ਵੱਡੇ ਪ੍ਰਤਾਪ ਵਾਲਿਆਂ....................

ਰਾਤ ਮੁਕੀ ਪਾਪਾਂ ਦੀ ਸਵੇਰਾ ਸੱਚ ਹੋ ਗਿਆ
ਸਾਰੇ ਜੱਗ ਵਿਚ ਪ੍ਰਕਾਸ਼ ਅੱਜ ਹੋ ਗਿਆ
ਤੂੰ ਧਾਰ ਅਵਤਾਰ ਜਦੋਂ ਭੈਣੀ ਸਾਹਿਬ ਆ ਗਿਆ
ਵੱਡੇ ਪ੍ਰਤਾਪ ਵਾਲਿਆਂ..................

ਦਾਜ ਤੇ ਦਹੇਜ ਵਾਲੀ ਰਸਮ ਮਿਟਾ ਦਿੱਤੀ
ਸਤੀ ਹੋਣ ਵਾਲੀ ਰੀਤ ਜੱਗ ਚੋ ਮੁਕਾ ਦਿੱਤੀ
ਵਿਧਵਾ ਦੇ ਗਲ ਵਿਚੋਂ ਕਫਨ ਲਹਾ ਗਿਆ
ਵੱਡੇ ਪ੍ਰਤਾਪ ਵਾਲਿਆਂ...................
ਭਾਰਤ ਮਾਤਾ ਦੇ ਪੈਰੋਂ ਕੱਟ ਜੰਜੀਰ ਦਿੱਤੀ
ਗੋਰਿਆਂ ਨੇ ਜ਼ੁਲਮਾਂ ਦੀ 'ਜੀਤ' ਸੀ ਅਖੀਰ ਕੀਤੀ

ਜ਼ੁਲਮ ਵਾਲਾ ਬੂਟਾ ਫੜ ਜੜ੍ਹਾਂ ਤੋਂ ਉਖਾੜਿਆ
ਵੱਡੇ ਪ੍ਰਤਾਪ ਵਾਲਿਆਂ...................

ਨਹੀ ਭੁਲਣੇ ਤੇਰੇ ਉਪਕਾਰ ਵੱਡੇ ਪ੍ਰਤਾਪ ਵਾਲਿਆਂ
ਰੁੜੀ ਜਾਂਦੀ ਬੇੜੀ ਜਦੋਂ ਵੇਖੀ ਪੰਥ ਖਾਲਸੇ ਦੀ
ਚੱਪੂ ਲਾ ਕੇ ਨਾਮ ਵਾਲਾ ਪਾਰ ਤੂੰ ਲਗਾ ਲਿਆ
ਵੱਡੇ ਪ੍ਰਤਾਪ ਵਾਲਿਆਂ..............

ਭੈਣੀ ਸਾਹਿਬ ਚੰਨ ਚੜ੍ਹਿਆ

ਅੱਜ ਆਇਆ ਏ ਧਾਰ ਅਵਤਾਰ ਜੀ ਵਿਚ ਭੈਣੀ ਸਾਹਿਬ ਦੇ
ਚੰਨ ਚੜ੍ਹ ਗਏ ਨੇ ਲੱਖ ਤੇ ਹਜ਼ਾਰ ਜੀ ਵਿਚ ਭੈਣੀ ਸਾਹਿਬ ਦੇ

ਗੁਰੂ ਹਰੀ ਸਿੰਘ ਜੀ ਦੇ ਵਿਹੜੇ ਵੱਜੀਆਂ ਅੱਜ ਸ਼ਹਿਨਾਈਆਂ ਨੇ
ਗਮ ਦੀਆਂ ਮਾਰੀਆਂ ਰੂਹਾਂ ਉਸ ਨੇ ਸੀਨੇ ਦੇ ਨਾਲ ਲਾਈਆਂ ਨੇ
ਮਾਂ ਜੀਵਣ ਕੌਰ ਸੀਨਾ ਲਿਆ ਠਾਰ.
ਜੀ ਵਿਚ ਭੈਣੀ ਸਾਹਿਬ ਦੇ.................

ਖੁਸ਼ੀਆਂ ਵਿਚ ਅੱਜ ਸੰਗਤ ਸਾਰੀ ਤੱਕੀ ਜੋਤ ਨਿਰਾਲੀ ਏ
ਮਾਂ ਜੀਵਣ ਦੀ ਗੋਦੀ ਖੇਲੇ ਸਾਰੇ ਜੱਗ ਦਾ ਵਾਲੀ ਏ
ਸਾਰੇ ਜੱਗ ਉਤੇ ਹੋਈ ਜੈ ਜੈ ਕਾਰ.
ਜੀ ਵਿਚ ਭੈਣੀ ਸਾਹਿਬ ਦੇ.................

ਦੇਵਤੇ ਰੱਲ ਮਿਲ ਅਰਸ਼ਾ ਵਿਚੋਂ ਫੁੱਲ ਪਏ ਵਰਸਾਂਦੇ ਨੇ
ਚੰਨ ਸੂਰਜ ਤੱਕ ਸੋਹਣਾ ਮੁੱਖੜਾ ਵਾਰੀ ਵਾਰੀ ਜਾਂਦੇ ਨੇ
ਆਈ ਵੇਖਣ ਲਈ ਪਰੀਆਂ ਦੀ ਡਾਰ.
ਜੀ ਵਿਚ ਭੈਣੀ ਸਾਹਿਬ ਦੇ.................

ਫੁੱਲ ਖਿੜੇ ਕਲੀਆ ਮੁਸਕਾਈਆਂ ਬੁਲ-ਬੁਲ ਗੀਤ ਸੁਣਾਏ ਨੇ
ਜੱਗ ਤਾਰਨ ਲਈ ਜੱਗ ਦੇ ਅੰਦਰ ਵੱਡ ਪ੍ਰਤਾਪੀ ਆਏ ਨੇ
ਗਾਏ ਨਰ ਨਾਰੀ ਮੰਗਲ ਚਾਰ.
ਜੀ ਵਿਚ ਭੈਣੀ ਸਾਹਿਬ ਦੇ.................

ਵੇਖਣ ਲਈ ਮੁੱਖ ਉਸਦਾ ਲੋਕੀ ਦੂਰੋ ਦੂਰੋ ਆਏ ਨੇ
ਦੇਸ਼ ਦੇ ਭਾਗ ਜਗਾਵਣ ਲਈ ਦੀਨ ਦੁਖੀ ਦੇ ਰਾਖੇ ਆਏ ਨੇ
ਵੇਖਣ ਆਇਆ 'ਜੀਤ' ਕੁਲ ਸੰਸਾਰ.
ਜੀ ਵਿਚ ਭੈਣੀ ਸਾਹਿਬ ਦੇ.................

ਅੱਜ ਆਇਆ ਏ ਧਾਰ ਅਵਤਾਰ ਜੀ ਵਿਚ ਭੈਣੀ ਸਾਹਿਬ ਦੇ
ਚੰਨ ਚੜ੍ਹ ਗਏ ਲੱਖ ਤੇ ਹਜ਼ਾਰ ਜੀ ਵਿਚ ਭੈਣੀ ਸਾਹਿਬ ਦੇ

ਨੈਣ ਮਸਤਾਨੇ

ਨੈਣ ਮਸਤਾਨੇ ਇਹਦੇ ਤੱਕਣੀ ਨਿਰਾਲੀ ਏ
ਗੁਰੂ ਜਗਜੀਤ ਸਾਡੇ ਦੋ-ਜਹਾਂ ਦਾ ਵਾਲੀ ਏ

ਨਿੱਕਾ ਨਿੱਕਾ ਹਾਸਾ ਸਾਡੇ ਦਿਲਾਂ ਦਾ ਸਰੂਰ ਏ
ਜਦੋ ਯਾਦ ਕਰੋ ਇਹ ਤਾਂ ਹਾਜ਼ਰਾ ਹਜ਼ੂਰ ਏ
ਚਰਨਾਂ ਚ ਰਹਿਣਾ ਇਹਦੇ ਨਿੱਤ ਦੀ ਦੀਵਾਲੀ ਏ,
ਗੁਰੂ ਜਗਜੀਤ .....

ਚਰਨਾਂ ਦੀ ਧੂੜ ਇਹਦੀ ਮੱਥੇ ਉਤੇ ਲਾ ਲਵੋ
ਬਿਗੜੇ ਨਸੀਬ ਇਹਦੇ ਦਰ ਤੋਂ ਬਣਾ ਲਵੋ
ਵੇਖਿਆ ਮੈਂ ਜੋ ਵੀ ਇਹ ਦੇ ਦਰ ਦਾ ਸਵਾਲੀ ਏ,
ਗੁਰੂ ਜਗਜੀਤ.....

ਹੋ ਕੇ ਨਿਮਾਣਾ ਜਿਹੜਾ ਦਰ ਏਹ ਦੇ ਆ ਗਿਆ
ਰਹਿਮਤਾਂ ਦਾ ਉਸ ਨੇ ਭੰਡਾਰ ਆ ਕੇ ਪਾ ਲਿਆ
ਭਰ ਦਿਤੀ ਝੋਲੀ ਜਿਹੜਾ ਲੈ ਕੇ ਆਇਆ ਖਾਲੀ ਏ,
ਗੁਰੂ ਜਗਜੀਤ ......

ਭੂਪਿੰਦਰ ਦਾ ਜਾਇਆ ਪ੍ਰਤਾਪ ਦੁਲਾਰਾ ਏ
ਗੁਰੂ ਜਗਜੀਤ ਜਿੰਦ ਜਾਨ ਤੋਂ ਪਿਆਰਾ ਏ
ਬੂਟਾ ਲਾਇਆ ਚੀਨੀ ਵਾਲੇ ਉਸ ਦਾ ਏਹ ਮਾਲੀ ਏ,
ਗੁਰੂ ਜਗਜੀਤ.......

ਮਿੱਠੀ ਮਿੱਠੀ ਬਾਣੀ ਜਦੋਂ ਰਾਗ ਅਲਾਪਦਾ
ਵੱਡ ਪ੍ਰਤਾਪੀ ਦਾ ਹੀ ਰੂਪ ਨਿਰਾ ਜਾਪਦਾ
ਚੜਦੇ ਸੂਰਜ ਦੀ 'ਜੀਤ' ਮੁਖੜੇ ਤੇ ਲਾਲੀ ਏ

ਨੈਣ ਮਸਤਾਨੇ ਇਹਦੇ ਤੱਕਣੀ ਨਿਰਾਲੀ ਏ
ਗੁਰੂ ਜਗਜੀਤ ਸਾਡੇ ਦੋ ਜਹਾਂ ਦੇ ਵਾਲੀ ਏ

ਜਗਜੀਤ ਖ਼ੁਦਾ

ਮੇਰੇ ਜਗਜੀਤ ਖੁਦਾ ਨਹੀਂ ਕੋਈ ਤੇਰੇ ਸਿਵਾ
ਨਜ਼ਰ ਤੂੰ ਹੀ ਆਉਂਣਾ ਏ ਮੈਨੂੰ ਚਾਰੋ ਦਿਸ਼ਾ
ਮੇਰਾ ਤੂੰ ਏ ਤੂੰ ਹੀ ਤੂੰ ਏ ਤੂੰ ਹੀ ਤੂੰ ਏ

ਆਦਿ ਅੰਤ ਏਕੋ ਅਵਤਾਰ ਕਲਿਯੁਗ ਵਿਚ ਆਇਆ ਦੇਹਧਾਰ
ਤ੍ਰੇਤੇ ਦੇ ਵਿਚ ਰਾਮ ਚੰਦਰ ਦੁਆਪਰ ਦੇ ਵਿਚ ਕ੍ਰਿਸ਼ਨ ਮੁਰਾਰ
ਤੂੰ ਦਿਆਲੂ ਕ੍ਰਿਪਾਲੂ ਏ ਅੰਤ ਤੇਰਾ ਨਾ ਕੋਈ ਸਕਿਆ ਪਾ
ਮੇਰੇ ਜਗਜੀਤ ਖੁਦਾ............

ਸੁਣਿਆ ਉਹ ਤੂੰ ਹੀ ਤੇ ਹੈਂ ਜੋ ਪੱਥਰਾਂ ਵਿਚ ਵੀ ਪਾਲ ਦਾ
ਫਿਰ ਤੂੰ ਹੈ ਅਨਜਾਣ ਕਿਵੇਂ ਮੇਰੇ ਹੀ ਵੱਸ ਹਾਲ ਦਾ
ਜੇ ਤੂੰ ਮੇਰੀ ਫਰਿਆਦ ਸੁਣੇ ਨਾ ਫੇਰ ਮੈਂ ਦਸ ਕਿਸ ਨੂੰ ਸੁਣਾਂ
ਮੇਰੇ ਜਗਜੀਤ ਖੁਦਾ............

ਗਜ ਹਾਥੀ ਨੂੰ ਵੀ ਤੂੰ ਹੀ ਤੰਦੂਏ ਤੋਂ ਆਣ ਬਚਾਇਆ ਸੀ
ਉਹ ਵੀ ਤੇ ਤੂੰਹੀਉ ਸੀ ਜੋ ਥੰਮ ਪਾੜ ਕੇ ਆਇਆ ਸੀ
ਜਿਸ ਤੇ ਹੋਵੇ ਤੇਰੀ ਕ੍ਰਿਪਾ ਉਸ ਦੇ ਸਿਰ ਤੋ ਟਲੇ ਬਲਾ
ਮੇਰੇ ਜਗਜੀਤ ਖੁਦਾ............

ਤੂੰ ਦਾਤਾ ਏਂ ਦੇਵਣ ਹਾਰ ਸਾਰਾ ਜਗਤ ਸਵਾਲੀ ਏ
ਰਹਿਮਤ ਦੇ ਭੰਡਾਰ ਵੰਡੇ ਕਿਉ ਮੇਰੀ ਝੋਲੀ ਖਾਲੀ ਏ
ਮੈਂ ਹਾਰਾ ਹਾਂ ਕਰਮਾਂ ਮਾਰਾ ਮੇਰਾ ਬੁਝਦਾ ਦੀਪ ਜਲਾ
ਮੇਰੇ ਜਗਜੀਤ ਖੁਦਾ............

ਜੁਗਾਂ ਜੁਗਾਂ ਤੋਂ ਰੱਖਦਾ ਆਇਆ ਸਭ ਦੀ ਤੂੰ ਹੈ ਬਿਗੜੀ ਬਣਾਈ
ਕਾਹਨੂੰ ਏ ਚੁਪ ਧਾਰ ਕੇ ਬੈਠਾ ਵਾਰੀ ਏ ਜਦ ਮੇਰੀ ਆਈ
'ਜੀਤ' ਤੇਰੇ ਅੱਜ ਵਾਸਤੇ ਪਾਏ ਮੇਰੀ ਬੇੜੀ ਪਾਰ ਲਗਾ

ਮੇਰੇ ਜਗਜੀਤ ਖੁਦਾ ਨਹੀਂ ਕੋਈ ਤੇਰੇ ਸਿਵਾ
ਨਜ਼ਰ ਤੂੰਹੀਂ ਆਉਂਣਾ ਏ ਮੈਨੂੰ ਚਾਰੋ ਦਿਸ਼ਾ
ਮੇਰਾ ਤੂੰ ਏ ਤੂੰ ਹੀ ਤੂੰ ਏ ਤੂੰਹੀ ਤੂੰ ਏ

ਅਰਜੋਈ

ਗੁਰੂ ਜਗਜੀਤ ਮੇਰੇ ਗੁਰੂ ਜਗਜੀਤ ਜੀ
ਤੇਰੇ ਨਾਲ ਸ਼ਹਿਨਸ਼ਾਹ ਨਿਭ ਜਾਏ ਪ੍ਰੀਤ ਜੀ

ਕੱਣ ਕੱਣ ਵਿਚ ਵਾਸਾ ਤੇਰਾ ਫੁੱਲਾਂ ਵਿਚ ਹਾਸਾ ਤੇਰਾ
ਰਹਿਮਤ ਦੀ ਭਿਖਿਆ ਪਾਂਦੇ ਖ਼ਾਲੀ ਹੈ ਕਾਸਾ ਮੇਰਾ
ਪਲਾਂ ਵਿਚ ਮੋਏ ਕਰ ਦੇਵੇ ਸੁਰਜੀਤ ਜੀ,
ਗੁਰੂ ਜਗਜੀਤ ਜੀ.....

ਬਖਸ਼ ਦੇਵੇ ਵਡਿਆਈ ਹੋਵੇ ਜਿਸ ਤੇ ਕ੍ਰਿਪਾ ਤੇਰੀ
ਕਰ ਦੇਵੇ ਤੂੰ ਰਾਂਈਉ ਪਰਬਤ ਪਲ ਨਾ ਲਾਵੇ ਦੇਰੀ
ਨਾਨਕ ਦੀ ਜੋਤ ਸਾਰੇ ਜਗਤ ਦੇ ਈਸ ਜੀ,
ਗੁਰੂ ਜਗਜੀਤ ਜੀ.....

ਤੇਰੇ ਚਰਨਾਂ ਚ ਸਾਡਾ ਜੀਵਣ ਬਤੀਤ ਹੋਵੇ
ਜਨਮੋਂ ਜਨਮ ਦਾਤਾ ਤੂੰ ਹੀ ਸਾਡਾ ਮੀਤ ਹੋਵੇਂ
ਤੂੰ ਹੀ ਮੇਰਾ ਪਹਿਲਾ ਤੂੰ ਹੀ ਆਖਰੀ ਏ ਗੀਤ ਜੀ,
ਗੁਰੂ ਜਗਜੀਤ ਜੀ......

ਮੰਗਦੇ ਦੁਆਵਾਂ ਤੇਰੇ ਦਰ ਉਤੇ ਆਣ ਕੇ
ਬਖਸ਼ ਦੇਵੀ ਦਾਤਾ ਅਨਜਾਣ ਬੱਚੇ ਜਾਣ ਕੇ
ਸੜ ਰਹੇ ਹਿਰਦਿਆਂ ਨੂੰ ਕਰ ਦੇਵੇ ਸੀਤ ਜੀ,
ਗੁਰੂ ਜਗਜੀਤ ਜੀ....

ਸੁਣ ਅਰਦਾਸ ਮੇਰੀ ਬਿਗੜੀ ਬਣਾ ਦੇ
ਭੰਵਰ ਚ ਡੋਲੇ ਨਈਆ ਪਾਰ ਲਗਾ ਦੇ
ਤੂੰ ਜਿਹਦੇ ਵੱਲ ਉਹਦੀ ਸਦਾ ਹੋਵੇ ਜੀਤ ਜੀ
ਗੁਰੂ ਜਗਜੀਤ ਜੀ....

ਗੁਰੂ ਜਗਜੀਤ ਮੇਰੇ ਗੁਰੂ ਜਗਜੀਤ ਜੀ
ਤੇਰੇ ਨਾਲ ਸ਼ਹਿਨ ਸ਼ਾਹ ਨਿਭ ਜਾਏ ਪ੍ਰੀਤ ਜੀ

ਦਇਆ ਦੇ ਸਾਗਰ

ਦਇਆ ਕਰੋ ਕੁਝ ਮਿਹਰ ਉਪਾਓ ਜੱਗ ਦੇ ਪਾਲਣ ਹਾਰੇ
ਤੂੰ ਦਾਤਾ ਏਂ ਸਭ ਜੀਆਂ ਦਾ ਗੁਰੂ ਜਗਜੀਤ ਪਿਆਰੇ

ਰਾਮ ਕਦੀ ਸ਼ਾਮ ਤੇ ਗੋਬਿੰਦ ਬੱਣ ਆਇਆ ਤੂੰ
ਭਗਤ ਤੇ ਭੀੜ ਬਣੀ ਥੰਮ ਪਾੜ ਆਇਆ ਤੂੰ
ਕਿਹੜੇ ਕਿਹੜੇ ਗਿਣਾ ਤੇਰੇ ਪਰਉਪਕਾਰੇ.
ਦਇਆ ਕਰੋ...........

ਧਰਤੀ ਸੂਰਜ ਚੰਦ ਤੇ ਤਾਰੇ ਸਭ ਤੇਰੇ ਪਸਾਰੇ
ਨੌ ਨਿਧੀਆਂ ਤੇ ਬਾਰਾਂ ਸਿਧੀਆ ਖੜ੍ਹੀਆਂ ਤੇਰੇ ਦੁਆਰੇ
ਕੀੜਾ ਥਾਪ ਦੇਵੇ ਪਾਤਸ਼ਾਹੀ ਤੇਰੇ ਸਭ ਅਖਤਿਆਰ ਏ.
ਦਇਆ ਕਰੋ..........

ਪਾਤਾਲਾਂ ਪਾਤਾਲ ਲੱਖ ਆਕਾਸ਼ਾਂ ਅਕਾਸ਼
ਜ਼ਰਰੇ ਜ਼ਰਰੇ ਹਰ ਥਾਂ ਤੇ ਤੂੰ ਤੇਰੀ ਸਭ ਨੂੰ ਆਸ
ਤੇਰਾ ਅੰਤ ਕਿਸੇ ਨਾ ਪਾਇਆ ਖੋਜੀ ਲੱਭ ਲੱਭ ਹਾਰੇ.
ਦਇਆ ਕਰੋ.......

ਇਹ ਦੁਨੀਆਂ ਇਕ ਭੱਵ ਸਾਗਰ ਹੈ ਤੂੰ ਹੀ ਤੇ ਕਿਨਾਰਾ ਏ
ਗਊ ਗਰੀਬ ਤੇ ਦੀਨ ਦੁਖੀ ਦਾ ਤੂੰ ਹੀ ਇਕ ਸਹਾਰਾ ਏ
ਜੁਗਾਂ ਜੁਗਾਂ ਤੇ ਰੱਖਦਾ ਆਇਆਂ ਤੂੰ ਪਾਪੀ ਵੀ ਤਾਰੇ.
ਦਇਆ ਕਰੋ..........

ਪ੍ਰਮ ਪਿਤਾ ਪਰਮਾਤਮਾਂ ਮੇਰੇ ਦੇਹੁ ਦਾਨ ਇਕ ਦਾਤਾ
ਤੇਰੇ ਚਰਨ ਮੇਰਾ ਹੋ ਮਾਥਾ ਮੈ ਮੂਰਖ ਅਗਿਆਤਾ
ਬਖਸ਼ੀਂ ਆਉਗਣ 'ਜੀਤ' ਦੇ ਵੀ ਤੂੰ ਡੁੱਬਦੇ ਪੱਥਰ ਤਾਰੇ.
ਦਇਆ ਕਰੋ...........

ਦਇਆ ਕਰੋ ਕੁਝ ਮਿਹਰ ਉਪਾਓ ਜੱਗ ਦੇ ਪਾਲਣ ਹਾਰੇ
ਤੂੰ ਦਾਤਾ ਏ ਸਭ ਜੀਆਂ ਦਾ ਗੁਰੂ ਜਗਜੀਤ ਪਿਆਰੇ

ਤੇਰਾ ਦਰ ਨਹੀਉ ਛੱਡਣਾਂ

ਮੈਂ ਦਰ ਤੇਰਾ ਨਹੀਂਓ ਛੱਡਣਾਂ ਤੈਨੂੰ ਦਿਲ ਚ, ਵਸਾ ਲਿਆ
ਕੱਟ ਦਏ ਚੁਰਾਸੀ ਵਾਲਾ ਗੇੜ ਤੂੰ ਜਗਜੀਤ ਗੁਰੂ ਭੈਣੀ ਵਾਲਿਆ

ਸੁਣਿਆਂ ਤੇਰੀ ਰਹਿਮਤ ਤੇ ਹਰ ਵਕਤ ਵਰਸ ਦੀ ਏ
ਨੈਣਾਂ ਚੋ ਅੰਮ੍ਰਿਤ ਦੀ ਗਾਗਰ ਵੀ ਛਲਕਦੀ ਏ
ਡੁੱਬੇ ਹੋਏ ਬੇੜੇ ਤਾਰਦਾ ਮੋਇਆਂ ਨੂੰ ਤੂੰ ਜੀਵਾਲਿਆਂ
ਕੱਟ ਦਏ ਚੁਰਾਸੀ........

ਤੂੰ ਏਂ ਦੇਵਣ ਹਾਰ ਦਾਤਾਰ ਸਾਰਾ ਜਗਤ ਸਵਾਲੀ ਏ
ਪਾ ਦੇ ਖੈਰ ਤੂੰ ਮੈਨੂੰ ਵੀ ਕਿਉਂ ਮੇਰੀ ਝੋਲੀ ਖ਼ਾਲੀ ਏ
ਦੁਖੀਆਂ ਦੇ ਦੁਖ ਹਰਨੈ ਸਾਰੇ ਜੱਗ ਰਖਵਾਲਿਆਂ
ਕੱਟ ਦਏ ਚੁਰਾਸੀ......

ਤੇਰੇ ਦਰ ਤੇ ਜੋ ਮੌਜਾਂ ਨੇ ਬਿਨਾਂ ਆਇਆਂ ਕੋਈ ਕੀ ਜਾਂਣੇ
ਜਿਹੜਾ ਤੇਰਾ ਹੋ ਜਾਂਦਾ ਸਾਰੇ ਜੱਗ ਦੇ ਉਹ ਸੁਖ ਮਾਣੇ
ਨਾਲ ਚਰਨਾਂ ਦੇ ਲਾ ਰੱਖਣਾਂ ਦੋ ਜਹਾਂ ਦੇ ਵਾਲੀਆਂ
ਕੱਟ ਦਏ ਚੁਰਾਸੀ.............

ਸਤਿਗੁਰੂ ਤੇਰੇ ਚਰਨਾਂ ਦੀ ਜੋ ਧੂੜੀ ਮਿਲ ਜਾਏ
'ਜੀਤ' ਮੈਂ ਸੱਚ ਆਖਾਂ ਤਕਦੀਰ ਬਦਲ ਜਾਏ -
ਕੋਈ ਤੇਰੇ ਜਿਹਾ ਨਹੀਂਓ ਸ਼ਹਿਨਸ਼ਾਹ ਸਾਰਾ ਜਗਤ ਭਾਲਿਆਂ
ਕੱਟ ਦਏ ਚੁਰਾਸੀ............

ਮੈਂ ਦਰ ਤੇਰਾ ਨਹੀਂਓ ਛੱਡਣਾਂ ਤੈਨੂੰ ਦਿਲ 'ਚ ਵਸਾ ਲਿਆ
ਕੱਟ ਦਏ ਚੁਰਾਸੀ ਵਾਲਾ ਗੇੜ ਤੂੰ ਜਗਜੀਤ ਗੁਰੂ ਭੈਣੀ ਵਾਲਿਆਂ

ਆਈਆਂ ਅੱਜ ਸਰਕਾਰਾਂ ਨੇ

ਦੁਨੀਆਂ ਵਿਚ ਅੱਜ ਹਰ ਪਾਸੇ ਗੁਲਜ਼ਾਂਰਾ ਨੇ
ਭੈਣੀ ਸਾਹਿਬ ਵਿਚ ਆਈਆਂ ਅੱਜ ਸਰਕਾਰਾਂ ਨੇ

ਵੱਡ ਪ੍ਰਤਾਪੀ ਪਿਤਾ ਜਿੰਨਾ ਦੇ ਮਾਤ ਭੂਪਿੰਦਰ ਜਾਏ ਨੇ
ਲੈ ਕੇ ਖੁਸ਼ੀਆਂ ਲੱਖ ਹਜ਼ਾਰਾਂ ਜੋ ਅੱਜ ਜੱਗ ਤੇ ਆਏ ਨੇ
ਖੁਸ਼ੀਆਂ ਦੇ ਵਿਚ ਨੱਚ ਰਹੀਆਂ ਅੱਜ ਹੰਸਾ ਦੀਆਂ ਡਾਰਾਂ ਨੇ
ਭੈਣੀ ਸਾਹਿਬ ਵਿਚ............

ਤਾਰਨ ਲਈ ਸੰਸਾਰ ਆ ਗਿਆ ਦੁਨੀਆਂ ਤੇ ਭਗਵਾਨ ਏ
ਝੁਕੇ ਜਿੰਨਾ ਦੇ ਚਰਨਾਂ ਉਤੇ ਚੰਨ ਤਾਰੇ ਅਸਮਾਨ ਏ
ਫੁੱਲਾਂ ਦੀ ਵਰਖਾ ਕਰਨੀ ਏ ਰੱਜ ਰੱਜ ਅੱਜ ਬਹਾਰਾਂ ਨੇ
ਭੈਣੀ ਸਾਹਿਬ ਵਿਚ................

ਜਗਜੀਤ ਗੁਰੂ ਦੇ ਚਰਨਾਂ ਦੀ ਧੂੜੀ ਮੱਥੇ ਤੇ ਲਾ ਲਓ ਜੀ
ਖੁਲ੍ਹ ਜਾਵਣ ਤਕਦੀਰ ਦੇ ਬੂਹੇ ਸੁਤੇ ਭਾਗ ਜਗਾ ਲਓ ਜੀ
ਪੈਲਾਂ ਪਾ ਕੇ ਝੂਮ ਰਹੀਆਂ ਅੱਜ ਮੋਰਾਂ ਦੀਆਂ ਕਤਾਰਾਂ ਨੇ
ਭੈਣੀ ਸਾਹਿਬ ਵਿਚ...................

ਅਰਸ਼ਾਂ ਤੋਂ ਫਰਸ਼ਾਂ ਤੇ ਆ ਕੇ ਕਰ ਦਿੱਤੀ ਰੁਸ਼ਨਾਈ ਏ
ਮਿਠੀ ਮਿਠੀ ਮੁਸਕਾਨ 'ਜੀਤ' ਉਸ ਸੰਤ ਦੀ ਝੋਲੀ ਪਾਈ ਏ
ਜੱਗ ਦਾ ਬੇੜਾ ਪਾਰ ਕਰਨਾ ਏਸੇ ਦੇ ਉਪਕਾਰਾਂ ਨੇ

ਦੁਨੀਆਂ ਵਿਚ ਅੱਜ ਹਰ ਪਾਸੇ ਗੁਲਜ਼ਾਰਾਂ ਨੇ
ਭੈਣੀ ਸਾਹਿਬ ਵਿਚ ਆਈਆਂ ਅੱਜ ਸਰਕਾਰਾਂ ਨੇ

ਜਗਜੀਤ ਗੁਰੂ ਦੇ ਚਰਨਾਂ ਵਿਚ

ਜਗਜੀਤ ਗੁਰੂ ਦੇ ਚਰਨਾਂ ਵਿਚ ਦੁਖ ਦਰਦ ਮਿਟਾਏ ਜਾਂਦੇ ਨੇ
ਜੱਗ ਦੇ ਠੁਕਰਾਏ ਦੁਖੀਏ ਜੋ ਸੀਨੇ ਨਾਲ ਲਾਏ ਜਾਂਦੇ ਨੇ

ਆਓ ਸਭ ਦੁਨੀਆਂ ਦੇ ਲੋਕੋ ਇਸ ਦਰ ਤੇ ਸੀਸ ਝੁਕਾਵਣ ਲਈ
ਇਸ ਦਰ ਤੇ ਤਾਂ ਜਦੋਂ ਲੋੜ ਪਵੇ ਸਿਰ ਭੇਟ ਚੜ੍ਹਾਏ ਜਾਂਦੇ ਨੇ

ਹਸਰਤ ਹੈ ਜਿਸ ਨੂੰ ਆਵਣ ਦੀ ਸਿਰ ਧਰ ਕੇ ਤਲੀ ਤੇ ਆ ਜਾਵੇ
ਇਥੇ ਜੀਉਂਦਿਆਂ ਮੁਕਤੀ ਮਿਲਦੀ ਏ ਬੇੜੇ ਪਾਰ ਲਗਾਏ ਜਾਂਦੇ ਨੇ

ਦਰਬਾਰ ਹੈ ਇਹ ਮਸਤਾਨਿਆਂ ਦਾ ਹਰ ਛੋਟਾ ਬੜਾ ਦੀਵਾਨਾ ਹੈ
ਭਰ ਭਰ ਕੇ ਜਾਮ ਨਾਮ ਬਾਣੀ ਦੇ ਇਥੇ ਸਭ ਨੂੰ ਪਿਲਾਏ ਜਾਂਦੇ ਨੇ

ਜਿਹਦੇ ਮਨ ਅੰਦਰ ਅੰਧਿਆਰਾ ਇਹ ਕਰ ਦੇਂਦਾ ਉਜਿਆਰਾ ਏ
ਜਗਜੀਤ ਦੀ ਮੂਰਤ ਵੱਸ ਜਾਵੇ ਰੋਮ ਰੋਮ ਸਮਾਏ ਜਾਂਦੇ ਨੇ

ਇਹਦੇ ਮਿਠੇ ਬੋਲ ਰਸੀਲੇ ਨੇ ਮਸਤੀ ਵਿਚ ਨੈਣ ਨਸ਼ੀਲੇ ਨੇ
ਮਸਤਕ ਦੀ ਝਲਕ ਨੂਰਾਨੀ ਏ ਇਥੇ ਸੀਸ ਝੁਕਾਏ ਜਾਂਦੇ ਨੇ

ਗਲ ਮਾਲਾ ਉੱਨ ਦੀ ਪਾਂਉਂਦਾ ਏ ਜਦੋਂ ਮਿਹਰ ਦੀ ਨਜ਼ਰ ਦੜਾਉਂਦਾ ਏ
ਠਰ ਜਾਂਦੇ ਹਿਰਦੇ ਤਪਦੇ ਜੀਤ, ਸੁੱਤੇ ਭਾਗ ਜਗਾਏ ਜਾਂਦੇ ਨੇ

ਜਗਜੀਤ ਗੁਰੂ ਦੇ ਚਰਨਾਂ ਵਿਚ ਦੁਖ ਦਰਦ ਮਿਟਾਏ ਜਾਂਦੇ ਨੇ
ਜੱਗ ਦੇ ਠੁਕਰਾਏ ਦੁਖੀਏ ਜੋ ਸੀਨੇ ਨਾਲ ਲਾਏ ਜਾਂਦੇ ਨੇ

ਭੂਪਿੰਦਰ ਦਾ ਲਾਲ

ਜੋ ਭੂਪਿੰਦਰ ਦਾ ਲਾਲ ਅਖਵਾਂਦਾ ਪਿਆ
ਨੀ ਉਹ ਦੁਨੀਆਂ ਨੂੰ ਸਿਧੇ ਰਾਹੇ ਪਾਂਦਾ ਪਿਆ

ਵੱਡ ਪ੍ਰਤਾਪੀ ਦਾ ਸੋਹਣਾ ਜਿਹਾ ਲਾਲ ਨੀ ਸਈਓ
ਕਰੇ ਨਜ਼ਰਾਂ ਦੇ ਨਾਲ ਨਿਹਾਲ ਨੀ ਸਈਓ
ਨਿਗਾਹ ਮਾਰੇ ਤਾਂ ਸੁਕਿਆਂ ਨੂੰ ਕਰ ਦੇਏ ਹਰੇ
ਨੀ ਉਹ ਡਿਗਿਆ ਨੂੰ ਫੱੜ ਕੇ ਉਠਾਂਦਾ ਪਿਆ,
ਜੋ ਭੂਪਿੰਦਰ...........

ਚਿਹਰਾ ਤੱਕ ਕੇ ਤਾਂ ਚੰਨ ਸ਼ਰਮਾਂਦਾ ਪਿਆ
ਨੀ ਉਹ ਦੁਨੀਆ ਦੇ ਸੀਨੇ ਠੰਢ ਪਾਂਦਾ ਪਿਆ
ਬਦਲ ਦੇਂਦਾ ਉਹ ਵਿਗੜੀ ਹੋਈ ਤਕਦੀਰ ਨੂੰ
ਖੁਸ਼ੀਆਂ ਦੋਨੋ ਹੱਥਾਂ ਨਾਲ ਲੁਟਾਂਦਾ ਪਿਆ,
ਜੋ ਭੂਪਿੰਦਰ...........

ਐਸਾ ਜਗਜੀਤ ਦੁਨੀਆਂ ਤੇ ਹੈ ਸ਼ਹਿਨਸ਼ਾਹ
ਜਿਸ ਦੇ ਚਰਨਾਂ ਚ ਝੁਕਦੇ ਪਏ ਬਾਦਸ਼ਾਹ
ਨੀ ਉਹ ਦੀਨਾਂ ਤੇ ਦੁਖੀਆਂ ਨੂੰ ਲਾਵੇ ਗਲੇ
ਬੇੜੇ ਸਭ ਦੇ ਹੀ ਪਾਰ ਲਗਾਂਦਾ ਪਿਆ,
ਜੋ ਭੂਪਿੰਦਰ...........

ਜੋ ਵੀ ਆਸ ਕਰ ਕੇ ਆਏ ਮੂੰਹੋ ਮੰਗੀਆਂ ਮੁਰਾਦਾਂ ਪਾਏ
ਜਿਹੜਾ ਦਰ ਤੇ ਡਿਗੇ ਆਣ ਉਸ ਦਾ ਤੋੜੇ ਨਾ ਇਹ ਮਾਣ
ਸਦਾ ਬਖਸ਼ਸ਼ ਦੇ ਦਰ ਇਹਦੇ ਖੁਲ੍ਹੇ ਵੇਖੇ
ਮੀਹ ਰਹਿਮਤ ਦੇ 'ਜੀਤ' ਵਰਾਂਦਾ ਪਿਆ,
ਜੋ ਭੂਪਿੰਦਰ...........

ਜੋ ਭੂਪਿੰਦਰ ਦਾ ਲਾਲ ਅਖਵਾਂਦਾ ਪਿਆ
ਨੀ ਉਹ ਦੁਨੀਆਂ ਨੂੰ ਸਿਧੇ ਰਾਹੇ ਪਾਂਦਾ ਪਿਆ

ਦੁਨੀਆਂ ਨੂੰ ਤਾਰਦਾ

ਕੁਲ ਦੁਨੀਆਂ ਨੂੰ ਤਾਰਦਾ ਜਗਜੀਤ ਪਿਆਰਾ
ਸਭ ਦੇ ਕਾਜ ਸਵਾਰਦਾ ਜਗਜੀਤ ਪਿਆਰਾ

ਜਗ ਰਚਨਾ ਇਹ ਖੇਲ ਰਚਾਇਆ
ਹਰ ਥਾਂ ਸਤਿਗੁਰੂ ਤੇਰੀ ਹੀ ਮਾਇਆ
ਪੱਥਰਾਂ ਵਿਚ ਵੀ ਪਾਲਦਾ,
ਜਗਜੀਤ ਪਿਆਰਾ...........

ਜੋ ਵੀ ਇਸ ਦਾ ਹੁਕਮ ਵਜਾਵੇ
ਉਸ ਨੂੰ ਕੋਈ ਤੋਟ ਨਾ ਆਵੇ
ਦੁਖ ਕਲੇਸ਼ਾ ਨੂੰ ਮਾਰਦਾ,
ਜਗਜੀਤ ਪਿਆਰਾ...........

ਦੇਵਤੇ ਦੀਦ ਤੇਰੀ ਨੂੰ ਤਰਸੱਣ
ਰਹਿਮਤ ਦੇ ਮੀਂਹ ਹਰ ਦਮ ਵਰਸੱਣ
ਜਦੋਂ ਨਜ਼ਰ ਮਿਹਰ ਦੀ ਮਾਰਦਾ,
ਜਗਜੀਤ ਪਿਆਰਾ...........

ਤੇਰੀਆਂ ਸਿਫਤਾਂ ਗਾਏ ਲੁਕਾਈ
ਸਭ ਦੀ ਤੂੰ ਹੈ ਬਿਗੜੀ ਬਣਾਈ
ਜੀਤ, ਦਾ ਹਿਰਦਾ ਠਾਰਦਾ,
ਜਗਜੀਤ ਪਿਆਰਾ...........

ਕੁਲ ਦੁਨੀਆਂ ਨੂੰ ਤਾਰਦਾ ਜਗਜੀਤ ਪਿਆਰਾ
ਸਭ ਦੇ ਕਾਜ ਸਵਾਰਦਾ ਜਗਜੀਤ ਪਿਆਰਾ

ਸੁਣ ਮੇਰੀ ਬੇਨਤੀ

ਗੁਰੂ ਜਗਜੀਤ ਸਿੰਘ ਭੈਣੀ ਸਾਹਿਬ ਵਾਲਿਆ
ਸੁਣ ਮੇਰੀ ਬੇਨਤੀ ਜੱਗ ਰਖਵਾਲਿਆ

ਦੁਖੀਆਂ ਦੇ ਦੁਖ ਹਰੇ ਸੜੇ ਦਿਲ ਹਰੇ ਕਰੇ
ਜਿਹੜਾ ਤੇਰੇ ਦਰ ਆਵੇ ਖਾਲ੍ਹੀ ਉਹਦੀ ਝੋਲੀ ਭਰੇ
ਆਈ ਜਿਹਦੇ ਸਿਰ ਤੇ ਬਲਾਂ ਉਹਨੂੰ ਟਾਲਿਆ
ਸੁਣ ਮੇਰੀ ਬੇਨਤੀ............

ਮੋਇਆਂ ਵਿਚ ਜਾਨ ਪਾਵੇ ਧੁਰੋਂ ਲਿਖੀਆਂ ਮਿਟਾਵੇ
ਦੇ ਕੇ ਉਪਦੇਸ਼ ਬੇੜੇ ਪਾਪੀਆਂ ਦੇ ਪਾਰ ਲਾਵੇ
ਨਾਨਕ ਦੀ ਗੱਦੀ ਧੁਰੋਂ ਆਈ ਨੂੰ ਸੰਭਾਲਿਆ
ਸੁਣ ਮੇਰੀ ਬੇਨਤੀ............

ਇਕ ਮੁਠੀ ਚੋਲ ਸਾਰੇ ਭਗਤ ਸੁਦਾਮਾ ਲਿਆਵੇ
ਉਠ ਉਹਦੇ ਪੈਰ ਧੋਵੇਂ ਗੁਰ ਗੱਦੀ ਤੇ ਬਿਠਾਵੇ
ਭਗਤਾਂ ਦੀ ਪੈਜ ਜੁਗੋ ਜੁਗ ਰੱਖਣ ਵਾਲਿਆ
ਸੁਣ ਮੇਰੀ ਬੇਨਤੀ............

ਧਰਤੀ ਗਗਨ ਚੰਨ ਤੇ ਤਾਰੇ ਸਭ ਤੇਰੇ ਸਹਾਰੇ
ਨਦੀਆਂ ਸਾਗਰ ਸੂਰਜ ਚਲੱਣ ਤੇਰੇ ਹੀ ਇਸ਼ਾਰੇ
ਐਸਾ ਕਿਹੜਾ ਪਿਆਰਾ ਜਿਹਦਾ ਦੁਖ ਸੀਨੇ ਲਾਇਆ
ਸੁਣ ਮੇਰੀ ਬੇਨਤੀ............

ਜਾਣੀਏ ਨਾ ਅਸੀ ਕੈਸਾ ਚੋਜ ਰਚਾਇਆ ਏ
ਅਪਣੇ ਬਹਾਨੇ ਭਲਾ ਸਭ ਦਾ ਕਰਾਇਆ ਏ
'ਜੀਤ' ਨੂੰ ਵੀ ਬਖਸ਼ ਕਾਹਨੂੰ ਭਰਮਾਂ ਚ ਪਾ ਲਿਆ
ਸੁਣ ਮੇਰੀ ਬੇਨਤੀ............

ਗੁਰੂ ਜਗਜੀਤ ਸਿੰਘ ਭੈਣੀ ਸਾਹਿਬ ਵਾਲਿਆ
ਸੁਣ ਮੇਰੀ ਬੇਨਤੀ ੳ ਜੱਗ ਰਖਵਾਲਿਆ

ਸ਼ਹਿਨਸ਼ਾਹਾਂ ਦਾ ਸ਼ਾਹ

ਸ਼ਹਿਨਸ਼ਾਹਾਂ ਦਾ ਸ਼ਾਹ — ਗੁਰੂ ਜਗਜੀਤ ਸਿੰਘ
ਵੱਡਾ ਬੇ-ਪ੍ਰਵਾਹ — ਗੁਰੂ ਜਗਜੀਤ ਸਿੰਘ

ਗੁਰੂ ਨਾਨਕ ਦੀ ਭਗਤੀ — ਗੁਰੂ ਜਗਜੀਤ ਸਿੰਘ
ਗੁਰੂ ਗੋਬਿੰਦ ਦੀ ਸ਼ਕਤੀ — ਗੁਰੂ ਜਗਜੀਤ ਸਿੰਘ

ਵੱਡ ਪ੍ਰਤਾਪ ਦਾ ਤੇਜ — ਗੁਰੂ ਜਗਜੀਤ ਸਿੰਘ
ਹੈ ਰਹਿਮਤ ਦਾ ਮੇਘ — ਗੁਰੂ ਜਗਜੀਤ ਸਿੰਘ

ਗੁਰੂ ਹਰੀ ਦਾ ਸ਼ਾਂਤ ਸਰੂਪ — ਗੁਰੂ ਜਗਜੀਤ ਸਿੰਘ
ਗੁਰੂ ਰਾਮ ਸਿੰਘ ਦਾ ਰੂਪ — ਗੁਰੂ ਜਗਜੀਤ ਸਿੰਘ

ਸੁਖਾਂ ਦਾ ਭੰਡਾਰ — ਗੁਰੂ ਜਗਜੀਤ ਸਿੰਘ
ਸਭ ਨੂੰ ਬਖਸ਼ਣ ਹਾਰ — ਗੁਰੂ ਜਗਜੀਤ ਸਿੰਘ

ਜੀਵਣ ਦਾ ਅਧਾਰ — ਗੁਰੂ ਜਗਜੀਤ ਸਿੰਘ
ਕਰ ਦਏ ਬੇੜਾ ਪਾਰ — ਗੁਰੂ ਜਗਜੀਤ ਸਿੰਘ

ਦੋ ਜਹਾਂ ਦਾ ਵਾਲੀ — ਗੁਰੂ ਜਗਜੀਤ ਸਿੰਘ
ਕਰਦਾ ਜਗ ਰਖਵਾਲੀ — ਗੁਰੂ ਜਗਜੀਤ ਸਿੰਘ

ਹੈ ਗ਼ਰੀਬ ਨਿਵਾਜ਼ — ਗੁਰੂ ਜਗਜੀਤ ਸਿੰਘ
ਭਾਰਤ ਮਾਂ ਦਾ ਤਾਜ — ਗੁਰੂ ਜਗਜੀਤ ਸਿੰਘ

ਹੈ ਇਹ ਏਕਮ ਕਾਰ — ਗੁਰੂ ਜਗਜੀਤ ਸਿੰਘ
ਇਹ ਦਾ ਅੰਤ ਨਾ ਪਾਰਾਵਾਰ — ਗੁਰੂ ਜਗਜੀਤ ਸਿੰਘ

ਸਾਡਾ ਹੈ ਹਮਰਾਜ — ਗੁਰੂ ਜਗਜੀਤ ਸਿੰਘ
ਸਚਾ ਪ੍ਰਵਦਗਾਰ — ਗੁਰੂ ਜਗਜੀਤ ਸਿੰਘ

ਆਦਿ ਅੰਤ ਤੇ ਅੱਧ — ਗੁਰੂ ਜਗਜੀਤ ਸਿੰਘ
ਹਿਰਦਾ ਕਰ ਦਏ ਸੁਧ — ਗੁਰੂ ਜਗਜੀਤ ਸਿੰਘ

ਸਾਡੀ ਏ ਜਿੰਦ ਜਾਨ — ਗੁਰੂ ਜਗਜੀਤ ਸਿੰਘ
ਸਿੱਖੀ ਦੀ ਏ ਸ਼ਾਨ — ਗੁਰੂ ਜਗਜੀਤ ਸਿੰਘ

ਨਿਮਾਣਿਆ ਦਾ ਮਾਣ — ਗੁਰੂ ਜਗਜੀਤ ਸਿੰਘ
ਨਿਉਟਿਆ ਦੀ ਓਟ — ਗੁਰੂ ਜਗਜੀਤ ਸਿੰਘ

ਕਲਿਯੁਗ ਦਾ ਅਵਤਾਰ — ਗੁਰੂ ਜਗਜੀਤ ਸਿੰਘ
ਖੁਦ ਆਪ ਏ ਨਿੰਰਕਾਰ — ਗੁਰੂ ਜਗਜੀਤ ਸਿੰਘ

ਮੋਏ ਕਰੇ ਸੁਰਜੀਤ — ਗੁਰੂ ਜਗਜੀਤ ਸਿੰਘ
'ਜੀਤ' ਦਾ ਹੈ ਮਨਮੀਤ — ਗੁਰੂ ਜਗਜੀਤ ਸਿੰਘ

ਸ਼ਹਿਨਸ਼ਾਹਾ ਦਾ ਸ਼ਾਹ — ਗੁਰੂ ਜਗਜੀਤ ਸਿੰਘ
ਵੱਡਾ ਬੇ ਪ੍ਰਵਾਹ — ਗੁਰੂ ਜਗਜੀਤ ਸਿੰਘ

ਤੇਰੀ ਦਾਸੀ ਬਣ ਜਾਵਾਂ

ਮੈਂ ਤੇਰੀ ਦਾਸੀ ਬੱਣ ਜਾਵਾਂ ਗੁਰੂ ਜਗਜੀਤ ਪਿਆਰੇ
ਚਰਨ ਧੂੜ ਬਣ ਜਾਵਾਂ ਜੱਗ ਦੇ ਪਾਲਣ ਹਾਰੇ

ਇਕ ਮਨ ਮੇਰਾ ਐਸਾ ਚਾਹੁੰਦਾ ਮੈਂ ਕੰਘਾ ਬੱਣ ਜਾਵਾਂ
ਤੇਰੇ ਕੇਸਾਂ ਵਿਚ ਸੁਹਾਵਾਂ ਗੁਰੂ ਜਗਜੀਤ ਪਿਆਰੇ

ਇਕ ਮਨ ਮੇਰਾ ਐਸਾ ਚਾਹੁੰਦਾ ਮੈਂ ਮਾਲਾ ਬੱਣ ਜਾਵਾਂ
ਤੇਰੇ ਗਲ ਵਿਚ ਸੋਭਾ ਪਾਵਾਂ ਗੁਰੂ ਜਗਜੀਤ ਪਿਆਰੇ

ਇਕ ਮਨ ਮੇਰਾ ਐਸਾ ਚਾਹੁੰਦਾ ਮੈਂ ਪਗੜੀ ਬਣ ਜਾਵਾਂ
ਤੇਰੇ ਸੀਸ ਤੇ ਸੋਭਾ ਪਾਵਾਂ ਗੁਰੂ ਜਗਜੀਤ ਪਿਆਰੇ

ਇਕ ਮਨ ਮੇਰਾ ਐਸਾ ਚਾਹੁੰਦਾ ਮੈਂ ਕੁਰਤਾ ਬਣ ਜਾਵਾਂ
ਤੇਰੇ ਸੀਨੇ ਲੱਗ ਜਾਵਾਂ ਗੁਰੂ ਜਗਜੀਤ ਪਿਆਰੇ

ਇਕ ਮਨ ਮੇਰਾ ਐਸਾ ਚਾਹੁੰਦਾ ਮੈਂ ਜੋੜਾ ਬਣ ਜਾਵਾਂ
ਤੇਰੇ ਚਰਨਾਂ ਵਿਚ ਸੁਹਾਵਾਂ ਗੁਰੂ ਜਗਜੀਤ ਪਿਆਰੇ

ਗੁਰੂ ਜਗਜੀਤ ਸਿੰਘ ਆਇਆ ਜੱਗ ਜਿਤਣੇ ਨੂੰ
ਮੈਂ 'ਜੀਤ' ਤੇਰੀ ਬਣ ਜਾਵਾਂ ਗੁਰੂ ਜਗਜੀਤ ਪਿਆਰੇ

ਮੈਂ ਤੇਰੀ ਦਾਸੀ ਬਣ ਜਾਵਾਂ ਗੁਰੂ ਜਗਜੀਤ ਪਿਆਰੇ
ਚਰਨ ਧੂੜ ਬਣ ਜਾਵਾਂ ਜੱਗ ਦੇ ਪਾਲਣ ਹਾਰੇ

ਰਾਮ ਹਰੀ ਪ੍ਰਤਾਪ

ਪਹਿਲੇ ਰਾਮ ਹਰੀ ਪ੍ਰਤਾਪ ਹੁਣ ਜਗਜੀਤ ਕਹੌਂਦਾ ਏ
ਤਰ ਜਾਂਦੇ ਬੇੜੇ ਡੁੱਬਦੇ ਨੇ ਜ਼ਦੋਂ ਮੇਹਰ ਦੀ ਨਜ਼ਰ ਦੜੌਂਦਾ ਏ

ਇਹ ਕੀ ਅਜ਼ਬ ਹੀ ਖੇਡ ਰਚਾਈ ਜੱਟੀ ਅਗਨ ਦੇ ਵਿਚ ਬਿਠਾਈ
ਜੱਟੀ ਸੱੜਨੇ ਨਾ ਹੀ ਪਾਈ ਕਿਧਰੇ ਮੋਏ ਜਿਵੌਂਦਾ ਏ

ਜਾਂਦਿਆਂ ਹਰੀ ਨੂੰ ਹੁਕਮ ਸੁਣਾਇਆ ਤੇਰਾ ਲੱੜ ਸੰਗਤ ਨੂੰ ਫੜਾਇਆ
ਇਹ ਤੇ ਕੰਮ ਹੈ ਤੇਰਾ ਮੇਰਾ ਕਿਧਰੇ ਮੋਏ ਜਿਵੌਂਦਾ ਏ

ਵੱਡ ਪ੍ਰਤਾਪੀ ਜੱਗ ਤੇ ਆਏ ਭੈਣੀ ਸਾਹਿਬ ਅਜ਼ਾਦ ਕਰਾਏ
ਉਸ ਨੇ ਅਜਬ ਹੀ ਖੇਡ ਰਚਾਏ ਉੱਜੜੇ ਹੋਏ ਵਸੌਂਦਾ ਏ

ਜਗਜੀਤ ਦੀ ਸ਼ਾਨ ਨਿਰਾਲੀ ਏ ਏਹੀਓ ਪੰਥ ਦਾ ਵਾਲੀ ਏ
'ਜੀਤ' ਜੋ ਦਰ ਇਹਦੇ ਤੇ ਆਵੇ ਮੰਗੀਆਂ ਮੁਰਾਦਾਂ ਪੌਂਦਾ ਏ

ਪਹਿਲੇ ਰਾਮ ਹਰੀ ਪ੍ਰਤਾਪ ਹੁਣ ਜਗਜੀਤ ਕਹੌਂਦਾ ਏ
ਤਰ ਜਾਂਦੇ ਬੇੜੇ ਡੁਬਦੇ ਨੇ ਜਦੋਂ ਮੇਹਰ ਦੀ ਨਜ਼ਰ ਦੜੌਂਦਾ ਏ

ਕਰਮ ਕਮਾ ਲੈ

ਕਰਮ ਕਮਾ ਕੋਈ ਲੈ ਜਾਣ ਦਾ ਬਿਨ ਕਰਮਾ ਰਹਿ ਜਾਏਗਾ
ਮੰਗੇਗਾ ਜਦ ਰੱਬ ਲੇਖਾ ਕਿਹੜੀ ਵਹੀ ਦਿਖਾਏਗਾ

ਇਹ ਦੁਨੀਆਂ ਹੈ ਰੰਗ ਬੰਰਗੀ ਨਾ ਕੋਈ ਸਾਥੀ ਨਾ ਕੋਈ ਸੰਗੀ
ਜਿੰਨੇ ਵਣਜ ਕੀਤੇ ਵਿਚ ਘਾਟੇ ਕੋਈ ਗੱਲ ਕੀਤੀ ਨਾ ਚੰਗੀ
ਜਿਸ ਦਾਤੇ ਦਾ ਦਿਤਾ ਖਾਣਾ ਕੀ ਉਸ ਲਈ ਲੈ ਜਾਏਗਾ
ਕਰਮ ਕਮਾ ਕੋਈ ਲੈ ਜਾਣ............

ਨਾ ਕਰ ਬੰਦਿਆ ਮੇਰੀ ਮੇਰੀ ਅੰਤ ਹੋਣਾ ਏ ਖਾਕ ਦੀ ਢੇਰੀ
ਪੱਲ ਭਰ ਰੱਖਣਾ ਭਾਰੀ ਹੋ ਜਾਊ ਜਿਸ ਲਈ ਕਰਦਾਂ ਹੇਰਾ ਫੇਰੀ
ਅੰਤ ਕਾਲ ਸੰਗੀ ਨਾ ਕੋਈ ਫਿਰ ਬੈਠਾ ਪਛਤਾਏਗਾ
ਕਰਮ ਕਮਾ ਕੋਈ ਲੈ ਜਾਣ............

ਝੂਠੇ ਲਾਲਚ ਜਨਮ ਗਵਾਇਆ, ਖੋਇਆ ਖੋਇਆ ਨਾ ਕੁਛ ਪਾਇਆ
ਗੈਰਾਂ ਲਈ ਤੂੰ ਕਰਮ ਕਮਾਵੇ ਤੇਰੇ ਹਿੱਸੇ ਕੁਝ ਨਾ ਆਇਆ
ਪੱਲਾ ਝਾੜ ਟੁਰੇਗਾਂ ਜਿਸ ਦਿਨ ਕੀ ਉਥੇ ਜਾ ਖਾਂਏਗਾ
ਕਰਮ ਕਮਾ ਕੋਈ ਲੈ ਜਾਣ............

ਐ ਦੁਨੀਆਂ ਦੇ ਲੋਕੋ ਉਠੋ ਅਪਣਾ ਆਪ ਪਛਾਣ ਲਵੋ
ਵਿਸਰ ਗਿਆ ਏ ਨਾਂਮ ਹਰੀ ਦਾ ਉਮਰ ਬੀਤ ਗਈ ਜਾਣ ਲਵੋ
ਬੰਦੇ ਦਾ ਕੰਮ ਬੰਦਗੀ ਕਰਨਾ 'ਜੀਤ' ਫਿਰ ਚੋਟਾਂ ਖਾਏਗਾ
ਕਰਮ ਕਮਾ ਕੋਈ ਲੈ ਜਾਣ............

ਕਰਮ ਕਮਾ ਕੋਈ ਲੈ ਜਾਣਦਾ ਬਿਨ ਕਰਮਾਂ ਰਹਿ ਜਾਏਗਾ
ਮੰਗੇਗਾ ਜਦ ਰੱਬ ਲੇਖਾ ਕੇਹੜੀ ਵਹੀ ਦਿਖਾਂਏਗਾ

ਪਹਿਲੇ ਗੁਰੂ ਜਗਜੀਤ ਨੂੰ ਧਿਆਈਏ

ਪਹਿਲੇ ਗੁਰੂ ਜਗਜੀਤ ਨੂੰ ਧਿਆਈਏ ਜਦੋਂ ਵੀ ਕੋਈ ਕੰਮ ਕਰੀਏ
ਉਹਦੇ ਚਰਨਾਂ ਚ ਭੁਲਾ ਬਖਸ਼ਾਈਏ ਜਦੋਂ ਵੀ ਕੋਈ ਕੰਮ ਕਰੀਏ

ਸੁਖਾਂ ਵਿਚ ਭੁਲੀਏ ਨਾ ਦੁਖਾਂ ਵਿਚ ਜਪੀਏ
ਰਾਜੀ ਸਦਾ ਉਸ ਦੀ ਰਜਾ ਦੇ ਵਿਚ ਜਚੀਏ
ਉਹਦਾ ਹਰ ਪਲ ਸ਼ੁਕਰ ਮਨਾਈਏ
ਜਦੋਂ ਵੀ ਕੋਈ ਕੰਮ ਕਰੀਏ...........

ਝੂਠ ਵੀ ਹੈ ਜਾਣਦਾ ਤੇ ਸਚ ਵੀ ਏਹ ਜਾਣਦਾ
ਹੀਰਿਆਂ ਨੂੰ ਜਾਣਦਾ ਤੇ ਕੱਚ ਨੂੰ ਵੀ ਜਾਣਦਾ
ਉਹਦੇ ਸਾਹਮਣੇ ਪਖੰਡ ਨਾ ਰਚਾਈਏ
ਜਦੋਂ ਵੀ ਕੋਈ ਕੰਮ ਕਰੀਏ...........

ਵੇਖਣੇ ਨੇ ਸੁੱਖਾ ਵਾਲੇ ਰੰਗ ਜੇ ਨਿਰਾਲੇ ਜੀ
ਕਰ ਦਈਏ ਡੋਰ ਫੇਰ ਏਸ ਦੇ ਹਵਾਲੇ ਜੀ
ਉਹਦੇ ਦਰ ਉਤੇ ਸਿਰ ਨੂੰ ਝੁਕਾਈਏ
ਜਦੋਂ ਵੀ ਕੋਈ ਕੰਮ ਕਰੀਏ...........

ਏਸ ਕੋਲੋਂ ਪਰਦਾ ਨਾ ਰੱਖੋ ਕਿਸੇ ਗੱਲ੍ਹ ਦਾ
ਏਹ ਦੇ ਤੋਂ ਵਗੈਰ ਸੰਸਾਰ ਨਹੀਓਂ ਚੱਲਦਾ
ਇਹ ਨੂੰ ਭੁਲ ਕੇ ਵੀ ਦਿਲੋਂ ਨਾ ਭੁਲਾਈਏ
ਜਦੋਂ ਵੀ ਕੋਈ ਕੰਮ ਕਰੀਏ...........

ਜਿੱਤਣਾ ਜੇ ਜੱਗ ਜਗਜੀਤ ਨੂੰ ਧਿਆਈ ਜਾ
ਜੀਵਣ ਦਾ ਪੱਲ ਪੱਲ ਲੇਖੇ ਇਹਦੇ ਲਾਈ ਜਾ
ਫਿਰ ਖੁਸ਼ੀ ਅਸੀ 'ਜੀਤ' ਦੀ ਮਨਾਈਏ
ਜਦੋਂ ਵੀ ਕੋਈ ਕੰਮ ਕਰੀਏ...........

ਪਹਿਲੇ ਗੁਰੂ ਜਗਜੀਤ ਨੂੰ ਧਿਆਈਏ ਜਦੋਂ ਵੀ ਕੋਈ ਕੰਮ ਕਰੀਏ
ਉਹਦੇ ਚਰਨਾਂ ਚ ਭੁਲਾ ਬਖਸ਼ਾਈਏ ਜਦੋਂ ਵੀ ਕੋਈ ਕੰਮ ਕਰੀਏ



ਲੇਖਿਕਾ :
ਰਣਜੀਤ ਕੌਰ 'ਜੀਤ'

ਰਣਜੀਤ ਕੌਰ 'ਜੀਤ' ਦੀ ਪੁਸਤਕ ਨੂੰ ਵਾਚਿਆਂ ਇਹੋ ਜਿਹਾ ਅਨੁਭਵ ਹੁੰਦਾ ਹੈ ਕਿ ਪੁਸਤਕ 'ਤੜਫ ਤੇਰੇ ਦੀਦ ਦੀ' ਸਤਿਗੁਰੂ ਪ੍ਰਤੀ ਪ੍ਰੇਮ, ਪਿਆਰ, ਸ਼ਰਧਾ ਅਤੇ ਸਤਿਕਾਰ ਦੇ ਹਾਰਦਿਕ ਵੇਗ ਨੂੰ ਪੇਸ਼ ਕਰਦੀ ਹੈ। ਉਹੀ ਮਿਲਣ ਦੀ ਸਿੱਕ ਜੀਤ ਦੇ ਗੀਤਾਂ ਵਿਚ ਹੈ। 'ਤੜਫ ਤੇਰੇ ਦੀਦ ਦੀ' ਬਿਰਹਨ ਦੇ ਗੀਤ ਹਨ ਜਿਹਨਾਂ ਨੂੰ ਪੜ੍ਹ ਕੇ, ਗੁਣ-ਗਣਾ ਕੇ, ਗਾ ਕੇ ਆਪ ਸੁਆਦ-ਸੁਆਦ ਹੋਇਆ ਜਾ ਸਕਦਾ ਹੈ ਤੇ ਸਰੋਤੇ ਨੂੰ ਦੀਨ-ਦੁਨੀਆਂ ਤੋਂ ਦੂਰ ਵਲਵਲੇ ਦੇ ਦੇਸ ਲੈ ਜਾਇਆ ਜਾ ਸਕਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਲਿਖੇ ਗੀਤ ਕੜੀ ਨੂੰ ਗੁਰੂ ਹਰੀ ਸਿੰਘ, ਸ੍ਰੀ ਭੈਣੀ ਸਾਹਿਬ ਤੇ ਨਾਮਧਾਰੀ ਸਿੱਖਾਂ ਦੇ 150 ਸਾਲਾ ਗੌਰਵਮਈ ਇਤਿਹਾਸ ਨਾਲ ਜੋੜਦੇ ਹਨ। ਪਾਠਕ ਯਕੀਨਨ ਇਹਨਾਂ ਗੀਤਾਂ ਨੂੰ ਪੜ੍ਹ ਕੇ ਮਹਿਸੂਸ ਕਰਨਗੇ ਕਿ ਰਣਜੀਤ ਕੌਰ 'ਜੀਤ' ਦੀ ਕਾਵਿ ਰਚਨਾ ਪੜ੍ਹ ਕੇ ਉਹਨਾਂ ਨੇ ਆਪਣੇ ਸਮੇਂ ਦੀ ਸੁਚੱਜੀ ਵਰਤੋਂ ਕੀਤੀ ਹੈ।

-ਹਰਵਿੰਦਰ ਸਿੰਘ ਹੰਸਪਾਲ
ਸਾਬਕਾ ਐਮ. ਪੀ.
ਪ੍ਰਧਾਨ ਨਾਮਧਾਰੀ ਦਰਬਾਰ